19-OCT-PAGE-1.qxd 10/18/2023 10:31 PM Page 1

ਵੀਰਵਾਰ, 19 ਅਕਤੂਬਰ, 2023
3 ਕੱਤਕ { ਨਾਨਕਸ਼ਾਹੀ 555 / ਬਿਕਰਮੀ 2080
ਜਿਲਦ/VOL. : 72
ਅੰਕ/NO. : 139

ਨਵਾਂ ਜ਼ਮਾਨਾ

DAILY NAWAN ZAMANA • THURSDAY, 19 OCTOBER, 2023 ਜਲੰਧਰ

ਕੀਮਤ/PRICE : 5.00 ਰੁਪਏ | Regd. No : Pb/JL-123/2021-23, (R.N.I.)-00068/57 | E-mail : nawanzamana@gmail.com | www.nawanzamana.in | ਸਫ਼ੇ : 12

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

ਪੁੱਛ-ਗਿੱਛ (ਰਿਸੈਪਸ਼ਨ)	0181-5097300
ਇਸ਼ਤਿਹਾਰ ਵਿਭਾਗ	0181-5097302
ਸਾਹਿਤ ਸੰਪਾਦਕ (ਐਤਵਾਰਤਾ)	0181-5097305
ਕੰਪਿਊਟਰ ਰੂਮ	0181-5097310
ਵੈੱਬ ਟੀ ਵੀ	0181-5133160

You Tube nawan zamana TV

ਬਿਰਥੀ ਕਦੇ ਨ ਹੋਵਈ ਜਨ ਕੀ ਅਰਦਾਸਿ



ਅੰਮ੍ਰਿਤਸਰ (ਜਸਬੀਰ ਸਿੰਘ, ਨਰਿੰਦਰਜੀਤ ਸਿੰਘ)

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸੂਬੇ ਭਰ ਦੇ ਹਜ਼ਾਰਾਂ ਨੌਜਵਾਨ ਪੰਜਾਬ ਨੂੰ ਪੂਰੀ ਤਰ੍ਹਾਂ ਨਸ਼ਾ ਮੁਕਤ ਬਣਾਉਣ ਲਈ ਬੁੱਧਵਾਰ ਸ੍ਰੀ ਹਰਿਮੰਦਰ ਸਾਹਿਬ ਵਿਖੇ ਅਰਦਾਸ ਵਿੱਚ ਸ਼ਾਮਲ ਹੋਏ।

ਅਰਦਾਸ ਦੌਰਾਨ ਮੁੱਖ ਮੰਤਰੀ ਨਾਲ ਸ਼ਾਮਲ ਹੋਏ ਪੀਲੀਆਂ ਪੱਗਾਂ, ਪਟਕੇ ਤੇ ਚੁੰਨੀਆਂ ਨਾਲ ਸਜੇ ਹਜ਼ਾਰਾਂ ਨੌਜਵਾਨਾਂ, ਲੜਕੀਆਂ ਤੇ ਔਰਤਾਂ ਨੇ ਪਰਮਾਤਮਾ ਅੱਗੇ ਅਰਦਾਸ ਕੀਤੀ ਕਿ ਪੰਜਾਬ ਵਿੱਚੋਂ ਇਸ ਸਰਾਪ ਦੀ ਜੜ੍ਹ ਵੱਢਣ ਦੇ ਉਦੇਸ਼ ਨਾਲ ਸ਼ੁਰੂ ਕੀਤੇ ਇਸ ਪਵਿੱਤਰ ਮਿਸ਼ਨ ਦੀ ਕਾਮਯਾਬੀ ਲਈ ਬਲ ਬਖ਼ਸ਼ਣ। ਉਨ੍ਹਾ ਸੂਬੇ ਵਿੱਚੋਂ ਨਸ਼ਿਆਂ ਦੇ ਮੁਕੰਮਲ ਖ਼ਾਤਮੇ ਅਤੇ ਨੌਜਵਾਨਾਂ ਦੀ ਤਾਕਤ ਨੂੰ ਉਸਾਰੂ ਦਿਸ਼ਾ ਵਿੱਚ ਲਾਉਣ ਦੇ ਮੰਤਵ ਨਾਲ ਸ਼ੁਰੂ ਕੀਤੇ ਇਸ ਮਿਸ਼ਨ ਦੀ ਸਫ਼ਲਤਾ ਲਈ ਅਰਦਾਸ ਕੀਤੀ। ਦਰਬਾਰ ਸਾਹਿਬ ਵਿੱਚ ਅਰਦਾਸ ਦੀ ਰਸਮ ਗ੍ਰੰਥੀ ਸਿੰਘ ਬਲਜੀਤ ਸਿੰਘ ਨੇ ਨਿਭਾਈ।

ਇਸ ਦੌਰਾਨ ਮੁੱਖ ਮੰਤਰੀ ਨੇ ਕਿਹਾ ਕਿ ਸਦੀਆਂ ਤੋਂ ਸ੍ਰੀ ਹਰਿਮੰਦਰ ਸਾਹਿਬ ਹਰੇਕ ਨੇਕ ਕਾਰਜ ਲਈ ਮਨੁੱਖਤਾ ਵਾਸਤੇ ਪ੍ਰੇਰਨਾ ਦਾ ਸਰੋਤ ਰਿਹਾ ਹੈ। ਉਨ੍ਹਾ ਕਿਹਾ ਕਿ ਅਰਦਾਸ ਦਾ ਇਕੋ-ਇਕ ਮੰਤਵ ਸੂਬੇ ਵਿੱਚੋਂ ਨਸ਼ਿਆਂ ਦੇ ਸਰਾਪ ਦਾ ਅੰਤ ਕਰਨ ਲਈ ਸ਼ੁਰੂ ਕੀਤੇ ਇਸ ਨਿਵੇਕਲੇ ਮਿਸ਼ਨ ਦੀ ਸਫ਼ਲਤਾ ਲਈ ਪਰਮਾਤਮਾ ਦਾ ਆਸ਼ੀਰਵਾਦ ਲੈਣਾ ਹੈ। ਮਾਨ ਨੇ ਕਿਹਾ ਕਿ ਇਸ ਮੁਹਿੰਮ ਵਿੱਚ ਵੱਡੀ ਗਿਣਤੀ ਨੌਜਵਾਨਾਂ ਦੀ ਹਾਜ਼ਰੀ ਇਸ ਗੱਲ ਦੀ ਗਵਾਹੀ ਭਰਦੀ ਹੈ ਕਿ ਪੰਜਾਬ ਦੀ ਨੌਜਵਾਨ ਪੀੜ੍ਹੀ ਇਸ ਨੇਕ ਕਾਰਜ ਲਈ ਸੂਬਾ ਸਰਕਾਰ ਦਾ ਸਹਿਯੋਗ ਕਰਨ ਲਈ ਤਿਆਰ ਹੈ। ਮੁੱਖ ਮੰਤਰੀ ਨੇ ਕਿਹਾ ਕਿ ਨਸ਼ਿਆਂ ਖ਼ਿਲਾਫ਼ ਇਹ ਆਪਣੀ ਤਰ੍ਹਾਂ ਦੀ ਪਹਿਲੀ ਲੋਕ ਲਹਿਰ ਹੈ, ਜਿਸ ਨਾਲ ਇਸ ਸਰਾਪ ਦਾ ਲੱਕ ਤੋੜਿਆ ਜਾਵੇਗਾ। ਉਨ੍ਹਾ ਕਿਹਾ ਕਿ 'ਹੋਪ ਪਹਿਲਕਦਮੀ' ਤਹਿਤ ਸ਼ੁਰੂ ਕੀਤੇ ਇਸ ਨਸ਼ਾ ਵਿਰੋਧੀ ਮਿਸ਼ਨ ਵਿੱਚ ਅਰਦਾਸ ਕਰੋ, ਹਲਫ਼ ਲਵੋ ਤੇ ਖੇਡੋ ਦੀ ਤਿੰਨ ਪੜਾਵੀ ਰਣਨੀਤੀ ਉਲੀਕੀ ਗਈ ਹੈ। ਇਸ ਮੁਹਿੰਮ ਦੇ ਪਹਿਲੇ ਪੜਾਅ ਵਜੋਂ ਹਜ਼ਾਰਾਂ ਨੌਜਵਾਨ ਅੱਜ ਪੰਜਾਬ ਨੂੰ ਨਸ਼ਾ ਮੁਕਤ ਕਰਨ ਲਈ ਕੀਤੀ ਅਰਦਾਸ ਵਿੱਚ ਸ਼ਾਮਲ ਹੋਏ। ਉਨ੍ਹਾ ਦੱਸਿਆ ਕਿ ਆਨਲਾਈਨ ਅਰਦਾਸ ਰਾਹੀਂ ਹਜ਼ਾਰਾਂ ਹੋਰ ਲੋਕ ਵੀ ਇਸ ਮੁਹਿੰਮ ਨਾਲ ਜੁੜੇ ਹਨ। ਉਹਨਾ ਕਿਹਾ ਕਿ ਪੰਜਾਬ ਨੂੰ ਪੂਰੀ ਤਰ੍ਹਾਂ ਨਸ਼ਾ ਮੁਕਤ ਸੂਬਾ ਬਣਾਉਣ ਲਈ ਵਾਹਿਗੁਰੂ ਦੀ ਅਪਾਰ ਬਖ਼ਸ਼ਿਸ਼ ਸਦਕਾ ਇਹ ਮੁਹਿੰਮ ਸ਼ੁਰੂ ਕੀਤੀ ਗਈ ਹੈ। ਮੁੱਖ ਮੰਤਰੀ ਨੇ ਕਿਹਾ ਕਿ ਪਹਿਲੀ ਦਫ਼ਾ ਨਸ਼ਿਆਂ ਖ਼ਿਲਾਫ਼ ਮੁਹਿੰਮ ਜ਼ਮੀਨੀ ਪੱਧਰ ਉਤੇ ਸ਼ੁਰੂ ਕੀਤੀ ਗਈ ਹੈ।

ਉਨ੍ਹਾ ਕਿਹਾ ਕਿ ਉਹ ਦਿਨ ਦੂਰ ਨਹੀਂ, ਜਦੋਂ ਲੋਕਾਂ ● ਬਾਕੀ ਸਫ਼ਾ 2 'ਤੇ

ਪੱਛਮ ਵਿਕਾਸਸ਼ੀਲ ਦੇਸ਼ਾਂ ਨੂੰ ਚੀਨ ਖਿਲਾਫ਼ ਭੜਕਾਉਣ ਤੋਂ ਬਾਜ਼ ਆਏ : ਜਿਨਪਿੰਗ

ਬੀ ਆਰ ਆਈ ਫੋਰਮ ਦੀ ਮੀਟਿੰਗ 'ਚ 130 ਤੋਂ ਵੱਧ ਦੇਸ਼ਾਂ ਦੇ ਨੁਮਾਇੰਦੇ ਸ਼ਾਮਲ

ਬੀਜਿੰਗ : ਚੀਨ ਦੇ ਰਾਸ਼ਟਰਪਤੀ ਸ਼ੀ ਜਿਨਪਿੰਗ ਨੇ ਬੁੱਧਵਾਰ ਬੈੱਲਟ ਐਂਡ ਰੋਡ ਇਨੀਸ਼ਿਏਟਿਵ (ਬੀ ਆਰ ਆਈ) ਫੋਰਮ ਦੀ ਮੀਟਿੰਗ ਦਾ ਉਦਘਾਟਨ ਕਰਦਿਆਂ ਪੱਛਮੀ ਦੇਸ਼ਾਂ ਵੱਲੋਂ ਚੀਨ ਵਿਰੁੱਧ ਕੂੜ-ਪ੍ਰਚਾਰ ਕਰਨ ਦੀ ਨੁਕਤਾਚੀਨੀ ਕੀਤੀ। ਉਨ੍ਹਾ ਕਿਹਾ ਕਿ ਪੱਛਮੀ ਦੇਸ਼ ਹੋਰਨਾਂ ਦੇਸ਼ਾਂ 'ਤੇ ਚੀਨੀ ਅਰਥਚਾਰੇ 'ਤੇ ਨਿਰਭਰਤਾ ਘਟਾਉਣ ਲਈ ਦਬਾਅ ਪਾ ਰਹੇ ਹਨ, ਜਦਕਿ ਬੀ ਆਰ ਆਈ ਨਾਲ ਏਸ਼ੀਆ, ਅਫਰੀਕਾ ਤੇ ਯੂਰਪੀ ਦੇਸ਼ਾਂ ਵਿਚ ਆਈ ਖੁਸ਼ਹਾਲੀ ਸਾਫ ਨਜ਼ਰ ਆ ਰਹੀ ਹੈ। ਬੀ ਆਰ ਆਈ ਫੋਰਮ ਦੇ 10 ਸਾਲ ਹੋਣ 'ਤੇ ਆਯੋਜਿਤ ਤੀਜੀ ਮੀਟਿੰਗ ਵਿਚ 130 ਤੋਂ ਵੱਧ ਦੇਸ਼ਾਂ ਦੇ ਨੁਮਾਇੰਦੇ ਸ਼ਾਮਲ ਹੋਏ, ਜਿਨ੍ਹਾਂ ਵਿਚ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਸਣੇ ਕਈ ਦੇਸ਼ਾਂ ਦੇ ਮੁਖੀ ਸ਼ਾਮਲ ਹਨ। ਜਿਨਪਿੰਗ ਨੇ ਕਿਹਾ—ਅਸੀਂ ਇਕਤਰਫਾ ਪਾਬੰਦੀਆਂ, ਮਾਲੀ ਧੱਕੇਸ਼ਾਹੀ ਤੇ ਸਪਲਾਈ ਚੇਨ ਵਿਚ ਵਿਘਨ ਪਾਉਣ ਦੇ ਖਿਲਾਫ ਹਾਂ। ਸਾਡੀਆਂ ਜ਼ਿੰਦਗੀਆਂ ਬਿਹਤਰ ਨਹੀਂ ਬਣਨਗੀਆਂ ਤੇ ਅਸੀਂ ਵਿਕਾਸ ਨਹੀਂ ਕਰ ਸਕਾਂਗੇ, ਜੇ ਦੂਜੇ ਦੀ ਤਰੱਕੀ ਤੋਂ ਖਾਰ ਖਾਵਾਂਗੇ। ਇਸ ਮੌਕੇ ਜਿਨਪਿੰਗ ਨੇ ਹਾਈ-ਕੁਆਲਿਟੀ ਦੀ ਬੈੱਲਟ ਐਂਡ ਰੋਡ ਮਿਲਵਰਤਨ ਲਈ 8 ਨਵੇਂ ਪ੍ਰਮੁੱਖ ਕਦਮਾਂ ਦਾ ਐਲਾਨ ਕੀਤਾ। ਉਨ੍ਹਾ ਕਿਹਾ ਕਿ ਚੀਨ ਮੈਨੂੰਫੈਕਚਰਿੰਗ ਸੈਕਟਰ ਵਿਚ ਵਿਦੇਸ਼ੀ ਨਿਵੇਸ਼ ਦੀਆਂ ਸਾਰੀਆਂ ਰੋਕਾਂ ਹਟਾ ਦੇਵੇਗਾ। ਦੁਨੀਆ ਭਰ ਦੇ ਦੇਸ਼ਾਂ ਵਿਚ ਵੱਡੇ ਰੇਲ ਤੇ ਸੜਕੀ ਪ੍ਰੋਜੈਕਟ ਉਸਾਰੇਗਾ। ਚਾਈਨਾ ਡਿਵੈੱਲਪਮੈਂਟ ਬੈਂਕ ਅਤੇ ਐਕਸਪੋਰਟ-ਇੰਪੋਰਟ ਬੈਂਕ ਆਫ ਚਾਈਨਾ ਹੋਰਨਾਂ ਦੇਸ਼ਾਂ ਦੀ 48.75-48.75 ਅਰਬ ਡਾਲਰ ਦੀ ਮਦਦ ਕਰਨਗੀਆਂ। ਸਿਲਕ ਰੋਡ ਫੰਡ ਵਿਚ ਹੋਰ 80 ਅਰਬ ਡਾਲਰ ਪਾਏ ਜਾਣਗੇ। ਚੀਨ ਹੋਰਨਾਂ ਦੇਸ਼ਾਂ ਵਿਚ ਮੁਕਾਮੀ ਲੋੜਾਂ ਮੁਤਾਬਕ ਇਕ ਹਜ਼ਾਰ ਛੋਟੇ ਪ੍ਰੋਜੈਕਟਾਂ ਲਈ ਵੀ ਮਦਦ ਕਰੇਗਾ। ਉਨ੍ਹਾ ਕਿਹਾ ਕਿ ਇਸ ਮੀਟਿੰਗ ਦੇ ਨਾਲ ਵੱਖ-ਵੱਖ ਦੇਸ਼ਾਂ ਦੇ ਕਾਰੋਬਾਰੀਆਂ ਦੀ ਸੀ ਈ ਓ ਕਾਨਫਰੰਸ ਵਿਚ 97.2 ਅਰਬ ਡਾਲਰ ਦੇ ਸਮਝੌਤੇ ਸਹੀਬੰਦ ਹੋਏ ਹਨ। ਭਾਰਤ ਅਧਾਰਤ ਸਿਲਕ ਰੂਟ ਟਰੇਡ ਐਂਡ ਇੰਡਸਟਰੀ ਡਿਵੈੱਲਪਮੈਂਟ ਕਾਰਪੋਰੇਸ਼ਨ ਦੇ ਸੀ ਈ ਓ ਮਨਸੂਰ ਨਦੀਮ ਲਾਰੀ ਨੇ ਕਿਹਾ ਕਿ ਭਾਰਤੀ ਕੰਪਨੀਆਂ ਚੀਨ ਨਾਲ ਮਿਲਵਰਤਨ ਵਿਚ ਕਾਫੀ ਮੌਕੇ ਦੇਖਦੀਆਂ ਹਨ, ਭਾਵੇਂ ਕਿ ਭਾਰਤ ਅਜੇ ਬੀ ਆਰ ਆਈ ਵਿਚ ਸ਼ਾਮਲ ਨਹੀਂ ਹੋਇਆ।

ਜਲੰਧਰ ਦੇ ਦੋ ਗੈਂਗਸਟਰ ਮੁੰਬਈ 'ਚ ਗ੍ਰਿਫ਼ਤਾਰ

ਮੁੰਬਈ : ਪੰਜਾਬ ਦੇ ਦੋ ਗੈਂਗਸਟਰਾਂ ਨੂੰ ਬੁੱਧਵਾਰ ਸਵੇਰੇ ਮੁੰਬਈ ਅਪਰਾਧ ਰੋਕੂ ਸ਼ਾਖਾ ਦੇ ਅਧਿਕਾਰੀਆਂ ਨੇ ਕੁਰਲਾ ਖੇਤਰ ਦੇ ਵਿਨੋਬਾ ਭਾਵੇ ਨਗਰ ਵਿਚਲੇ ਹੋਟਲ ਤੋਂ ਕਾਬੂ ਕੀਤਾ। ਇਨ੍ਹਾਂ ਦੀ ਪਛਾਣ ਪੰਚਮਨੂਰ ਸਿੰਘ (32) ਅਤੇ ਹਿਮਾਂਸ਼ੂ ਮਾਤਾ (30) ਵਜੋਂ ਹੋਈ ਹੈ। ਇਹ ਦੋਵੇਂ ਪੰਜਾਬ ਦੇ ਜਲੰਧਰ ਦੇ ਵਸਨੀਕ ਹਨ ਅਤੇ ਕਤਲ ਦੀ ਕੋਸ਼ਿਸ਼, ਅਗਵਾ, ਗੋਲੀਬਾਰੀ ਅਤੇ ਦਹਿਸ਼ਤ ਪੈਦਾ ਕਰਨ ਵਰਗੇ ਅਪਰਾਧਾਂ ਸਮੇਤ 11 ਮਾਮਲਿਆਂ 'ਚ ਸ਼ਾਮਲ ਹਨ। ਮੁੰਬਈ ਪੁਲਸ ਨੇ ਪੰਜਾਬ ਪੁਲਸ ਨੂੰ ਗ੍ਰਿਫ਼ਤਾਰੀਆਂ ਬਾਰੇ ਸੂਚਿਤ ਕਰ ਦਿੱਤਾ ਹੈ। ਦੋਹਾਂ ਨੂੰ ਪੰਜਾਬ ਪੁਲਸ ਦੇ ਹਵਾਲੇ ਕਰ ਦਿੱਤਾ ਜਾਵੇਗਾ।

ਪਾਕਿ ਰੇਂਜਰਾਂ ਦੀ ਗੋਲੀਬਾਰੀ 'ਚ 2 ਬੀ ਐੱਸ ਐੱਫ ਜਵਾਨ ਜ਼ਖਮੀ

ਜੰਮੂ : ਪਾਕਿਸਤਾਨੀ ਰੇਂਜਰਾਂ ਨੇ ਮੰਗਲਵਾਰ ਸਵੇਰੇ 8.15 ਵਜੇ ਕੌਮਾਂਤਰੀ ਸਰਹੱਦ 'ਤੇ ਅਰਨੀਆ ਸੈਕਟਰ 'ਚ ਵਿਕਰਮ ਚੌਕੀ 'ਤੇ ਗੋਲੀਬਾਰੀ ਕੀਤੀ, ਜਿਸ ਦਾ ਬੀ ਐੱਸ ਐੱਫ ਦੇ ਜਵਾਨਾਂ ਨੇ ਜਵਾਬ ਦਿੱਤਾ। ਇਸ ਗੋਲੀਬਾਰੀ 'ਚ ਬੀ ਐੱਸ ਐੱਫ ਦੇ ਦੋ ਜਵਾਨ ਗੋਲੀਆਂ ਲੱਗਣ ਨਾਲ ਜ਼ਖਮੀ ਹੋ ਗਏ। ਉਨ੍ਹਾਂ ਨੂੰ ਹਸਪਤਾਲ 'ਚ ਭਰਤੀ ਕਰਵਾਉਣਾ ਪਿਆ।

ਭਾਜਪਾ ਸਾਂਸਦ ਤਲਬ

ਨਵੀਂ ਦਿੱਲੀ : ਲੋਕ ਸਭਾ ਦੀ ਨੈਤਿਕ ਕਮੇਟੀ ਨੇ ਬੁੱਧਵਾਰ ਤ੍ਰਿਣਮੂਲ ਕਾਂਗਰਸ ਦੀ ਸੰਸਦ ਮੈਂਬਰ ਮਹੂਆ ਮੋਇਤਰਾ 'ਤੇ ਸਵਾਲ ਪੁੱਛਣ ਦੇ ਬਦਲੇ ਪੈਸੇ ਲੈਣ ਦੇ ਦੋਸ਼ ਲਾਉਣ ਵਾਲੇ ਭਾਜਪਾ ਸੰਸਦ ਮੈਂਬਰ ਨਿਸ਼ੀਕਾਂਤ ਦੂਬੇ ਅਤੇ ਵਕੀਲ ਜੈਅਨੰਤ ਦੇਹਦਰਾਈ ਨੂੰ 26 ਅਕਤੂਬਰ ਨੂੰ ਬਿਆਨ ਦੇਣ ਲਈ ਸੱਦਿਆ ਹੈ।

ਧੁੰਦ ਕਾਰਨ ਟਰੇਨਾਂ ਲੇਟ

ਠਾਣੇ : ਧੁੰਦ ਕਾਰਨ ਮੁੰਬਈ ਦੇ ਉਪਨਗਰ ਨੈੱਟਵਰਕ 'ਤੇ ਕਲਿਆਣ ਤੋਂ ਅੱਗੇ ਦੀਆਂ ਲੋਕਲ ਟਰੇਨਾਂ ਬੁੱਧਵਾਰ 15 ਮਿੰਟ ਦੀ ਦੇਰੀ ਨਾਲ ਚੱਲੀਆਂ। ਮੁੰਬਈ ਦੇ ਸੈਂਟਰਲ ਰੇਲਵੇ ਨੈੱਟਵਰਕ 'ਚ ਲੋਕਲ ਟਰੇਨਾਂ 'ਚ ਰੋਜ਼ਾਨਾ 35 ਲੱਖ ਲੋਕ ਸਫਰ ਕਰਦੇ ਹਨ।

ਆਜ਼ਮ ਖਾਨ, ਪਤਨੀ ਤੇ ਬੇਟੇ ਨੂੰ 7-7 ਸਾਲ ਦੀ ਸਜ਼ਾ

ਰਾਮਪੁਰ (ਯੂ ਪੀ) ਰਾਮਪੁਰ ਦੀ ਅਦਾਲਤ ਨੇ ਬੁੱਧਵਾਰ ਸਮਾਜਵਾਦੀ ਪਾਰਟੀ ਦੇ ਨੇਤਾ ਆਜ਼ਮ ਖਾਨ, ਉਨ੍ਹਾ ਦੀ ਪਤਨੀ ਤਨਜ਼ੀਨ ਫਾਤਿਮਾ ਅਤੇ ਬੇਟੇ ਅਬਦੁੱਲਾ ਆਜ਼ਮ ਨੂੰ ਜਾਲ੍ਹੀ ਜਨਮ ਸਰਟੀਫਿਕੇਟ ਦੇ ਪੰਜ ਸਾਲ ਪੁਰਾਣੇ ਮਾਮਲੇ ਵਿਚ ਦੋਸ਼ੀ ਠਹਿਰਾਉਂਦੇ ਹੋਏ 7-7 ਸਾਲ ਕੈਦ ਦੀ ਸਜ਼ਾ ਸੁਣਾਈ। ਐੱਮ ਪੀ-ਐੱਮ ਐੱਲ ਏ ਮੈਜਿਸਟਰੇਟ ਸੋਭਿਤ ਬਾਂਸਲ ਦੀ ਅਦਾਲਤ ਨੇ ਇਨ੍ਹਾਂ ਨੂੰ 2019 ਦੇ ਜਾਲ੍ਹੀ ਜਨਮ ਸਰਟੀਫਿਕੇਟ ਦੇ ਮਾਮਲੇ 'ਚ ਦੋਸ਼ੀ ਠਹਿਰਾਇਆ।

ਕਣਕ ਦੀ ਐੱਮ ਐੱਸ ਪੀ 'ਚ 150 ਰੁਪਏ ਦਾ ਵਾਧਾ

ਨਵੀਂ ਦਿੱਲੀ : ਕੇਂਦਰੀ ਮੰਤਰੀ ਮੰਡਲ ਨੇ ਫਸਲੀ ਸੀਜ਼ਨ 2024-25 ਲਈ ਕਣਕ ਦਾ ਘੱਟੋ-ਘੱਟ ਸਮਰਥਨ ਮੁੱਲ (ਐੱਮ ਐੱਸ ਪੀ) 'ਚ 150 ਰੁਪਏ ਵਧਾ ਕੇ 2275 ਰੁਪਏ ਪ੍ਰਤੀ ਕੁਇੰਟਲ ਕਰਨ ਦੀ ਮਨਜ਼ੂਰੀ ਦਿੱਤੀ ਹੈ। ਇਸ ਦੇ ਨਾਲ ਮਸਰ ਦੀ ਦਾਲ ਦੀ ਐੱਮ ਐੱਸ ਪੀ 'ਚ 425 ਰੁਪਏ, ਛੋਲਿਆਂ 'ਚ 105 ਰੁਪਏ, ਜੌਂ 'ਚ 115 ਰੁਪਏ ਅਤੇ ਤੋਰ ਬੀਜਾਂ ਤੇ ਸਰ੍ਹੋਂ ਦੀ ਐੱਮ ਐੱਸ ਪੀ 'ਚ 200 ਰੁਪਏ ਪ੍ਰਤੀ ਕੁਇੰਟਲ ਦਾ ਵਾਧਾ ਕੀਤਾ ਹੈ। ਕੇਂਦਰੀ ਮੰਤਰੀ ਮੰਡਲ ਨੇ ਕੋਦਰ ਸਰਕਾਰ ਦੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੇ ਡੀ ਏ 'ਚ 4 ਫੀਸਦੀ ਵਾਧੇ ਦੇ ਪ੍ਰਸਤਾਵ ਨੂੰ ਮਨਜ਼ੂਰੀ ਦੇ ਦਿੱਤੀ ਹੈ। ਡੀ ਏ 'ਚ ਆਖਰੀ ਵਾਧਾ ਮਾਰਚ 2023 'ਚ ਕੀਤਾ ਗਿਆ ਸੀ।

ਚੀਨੀ ਬਰਾਮਦ 'ਤੇ ਰੋਕ ਵਧੀ

ਸਰਕਾਰ ਨੇ ਚੀਨੀ ਦੀ ਬਰਾਮਦ 'ਤੇ ਪਾਬੰਦੀ 31 ਅਕਤੂਬਰ ਤੋਂ ਅੱਗੇ ਵਧਾ ਦਿੱਤੀ ਹੈ। ਇਸ ਕਦਮ ਦਾ ਉਦੇਸ਼ ਤਿਉਹਾਰੀ ਸੀਜ਼ਨ ਦੌਰਾਨ ਘਰੇਲੂ ਬਾਜ਼ਾਰ 'ਚ ਚੀਨੀ ਦੀ ਬਿਹਤਰ ਉਪਲਬੱਧਤਾ ਨੂੰ ਯਕੀਨੀ ਬਣਾਉਣਾ ਹੈ।

ਇਸ ਤੋਂ ਪਹਿਲਾਂ ਚੀਨੀ ਦੀ ਬਰਾਮਦ 'ਤੇ ਪਾਬੰਦੀ 31 ਅਕਤੂਬਰ ਤੱਕ ਸੀ। ਵਿਦੇਸ਼ ਵਪਾਰ ਡਾਇਰੈਕਟੋਰੇਟ ਜਨਰਲ ਨੇ ਨੋਟੀਫਿਕੇਸ਼ਨ 'ਚ ਕਿਹਾ—ਚੀਨੀ (ਕੱਚੀ ਚੀਨੀ, ਚਿੱਟੀ ਚੀਨੀ, ਰਿਫਾਈਨਡ ਚੀਨੀ ਅਤੇ ਜੈਵਿਕ ਚੀਨੀ) ਦੀ ਬਰਾਮਦ ਉੱਤੇ ਰੋਕ 31 ਅਕਤੂਬਰ 2023 ਤੋਂ ਅੱਗੇ ਵਧਾ ਦਿੱਤੀ ਗਈ ਹੈ। ਹੋਰ ਸ਼ਰਤਾਂ 'ਚ ਕੋਈ ਬਦਲਾਅ ਨਹੀਂ ਹੋਇਆ।

7 ਦੇਸ਼ਾਂ ਨੂੰ ਗੈਰ-ਬਾਸਮਤੀ ਚੌਲਾਂ ਦੀ ਬਰਾਮਦ

ਸਰਕਾਰ ਨੇ 7 ਦੇਸ਼ਾਂ ਨੂੰ 10,34,800 ਟਨ ਗੈਰ-ਬਾਸਮਤੀ ਚੌਲਾਂ ਦੀ ਬਰਾਮਦ ਦੀ ਇਜਾਜ਼ਤ ਦੇ ਦਿੱਤੀ ਹੈ। ਵਿਦੇਸ਼ੀ ਵਪਾਰ ਡਾਇਰੈਕਟੋਰੇਟ ਜਨਰਲ ਵੱਲੋਂ ਜਾਰੀ ਨੋਟੀਫਿਕੇਸ਼ਨ ਅਨੁਸਾਰ ਇਹ ਬਰਾਮਦ ਨੈਸ਼ਨਲ ਕੋਆਪਰੇਟਿਵ ਐਕਸਪੋਰਟ ਲਿਮਟਿਡ ਰਾਹੀਂ ਕੀਤੀ ਜਾਵੇਗੀ। ਭਾਰਤ ਨੇ ਘਰੇਲੂ ਸਪਲਾਈ ਵਧਾਉਣ ਲਈ 20 ਜੁਲਾਈ ਤੋਂ ਗੈਰ-ਬਾਸਮਤੀ ਚੌਲਾਂ ਦੀ ਬਰਾਮਦ 'ਤੇ ਪਾਬੰਦੀ ਲਗਾਈ ਹੋਈ ਹੈ, ਪਰ ਕੁਝ ਦੇਸ਼ਾਂ ਨੂੰ ਉਨ੍ਹਾਂ ਦੀਆਂ ਖੁਰਾਕ ਲੋੜਾਂ ਦੇ ਮੱਦੇਨਜ਼ਰ ਗੈਰ-ਬਾਸਮਤੀ ਚੌਲਾਂ ਦੀ ਬਰਾਮਦ ਦੀ ਇਜਾਜ਼ਤ ਦੇ ਦਿੱਤੀ ਹੈ। ਇਨ੍ਹਾਂ ਦੇਸ਼ਾਂ ਵਿਚ ਨੇਪਾਲ, ਕੈਮਰੂਨ, ਕੋਟ ਡੀ ਆਈਵਰ, ਗਿਨੀ, ਮਲੇਸ਼ੀਆ, ਫਿਲਪੀਨਜ਼ ਅਤੇ ਸੈਸ਼ੇਲਸ ਸ਼ਾਮਲ ਹਨ।

ਪੰਜ ਵਕੀਲਾਂ ਨੂੰ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਜੱਜ ਲਾਉਣ ਦੀ ਸਿਫਾਰਸ਼

ਨਵੀਂ ਦਿੱਲੀ : ਚੀਫ ਜਸਟਿਸ ਡੀ ਵਾਈ ਚੰਦਰਚੂੜ ਦੀ ਅਗਵਾਈ ਵਾਲੇ ਸੁਪਰੀਮ ਕੋਰਟ ਦੇ ਕਾਲੇਜੀਅਮ ਨੇ ਵੱਖ-ਵੱਖ ਹਾਈ ਕੋਰਟਾਂ ਦੇ ਜੱਜਾਂ ਵਜੋਂ 13 ਵਕੀਲਾਂ ਦੇ ਨਾਵਾਂ ਦੀ ਸਿਫਾਰਸ਼ ਕੀਤੀ ਹੈ।

ਕਾਲੇਜੀਅਮ, ਜਿਸ 'ਚ ਜਸਟਿਸ ਸੰਜੇ ਕਿਸ਼ਨ ਕੌਲ ਅਤੇ ਜਸਟਿਸ ਸੰਜੀਵ ਖੰਨਾ ਵੀ ਸ਼ਾਮਲ ਹਨ, ਨੇ ਵਕੀਲ ਐੱਨ ਊਨੀਕ੍ਰਿਸ਼ਨਨ ਨਾਇਰ ਅਤੇ ਕੌਸ਼ਿਕ ਗੋਸਵਾਮੀ ਨੂੰ ਗੁਹਾਟੀ ਹਾਈ ਕੋਰਟ, ਐਡਵੋਕੇਟ ਹਰਮੀਤ ਸਿੰਘ ਗਰੇਵਾਲ, ਦੀਪਇੰਦਰ ਸਿੰਘ ਨਲਵਾ, ਸੁਮੀਤ ਗੋਇਲ, ਸੁਦੀਪਤੀ ਸ਼ਰਮਾ ਅਤੇ ਕੀਰਤੀ ਸਿੰਘ ਦੇ ਨਾਵਾਂ ਦੀ ਪੰਜਾਬ ਤੇ ਹਰਿਆਣਾ ਹਾਈ ਕੋਰਟ ਲਈ ਸਿਫਾਰਸ਼ ਕੀਤੀ ਹੈ।

ਟੀ ਵੀ ਪੱਤਰਕਾਰ ਸੌਮਿਆ ਦੇ ਕਤਲ 'ਚ ਸਾਰੇ ਮੁਲਜ਼ਮ ਦੋਸ਼ੀ ਕਰਾਰ

ਨਵੀਂ ਦਿੱਲੀ : ਐਡੀਸ਼ਨਲ ਸੈਸ਼ਨ ਜੱਜ ਰਵਿੰਦਰ ਕੁਮਾਰ ਪਾਂਡੇ ਨੇ ਟੀ ਵੀ ਪੱਤਰਕਾਰ ਸੌਮਿਆ ਵਿਸ਼ਵਨਾਥਨ ਦੀ 2008 'ਚ ਹੱਤਿਆ ਦੇ ਦੋਸ਼ 'ਚ ਸਾਰੇ ਮੁਲਜ਼ਮਾਂ ਨੂੰ ਬੁੱਧਵਾਰ ਦੋਸ਼ੀ ਕਰਾਰ ਦਿੱਤਾ। ਸਜ਼ਾ ਦਾ ਐਲਾਨ 26 ਅਕਤੂਬਰ ਨੂੰ ਕੀਤਾ ਜਾਵੇਗਾ।

ਸੌਮਿਆ ਵਿਸ਼ਵਨਾਥਨ ਦੀ 30 ਸਤੰਬਰ 2008 ਨੂੰ ਸਵੇਰੇ 3.30 ਵਜੇ ਕੰਮ ਤੋਂ ਘ

19-OCT-PAGE-1.qxd 10/18/2023 10:32 PM Page 2

ਭਾਰਤ ਗੈਸ ਡਿਸਟ੍ਰੀਬਿਊਟਰਜ਼ ਐਵਾਰਡ ਨਾਈਟ ਦਾ ਆਯੋਜਨ

ਮੁਕਤਸਰ (ਸ਼ਮਿੰਦਰਪਾਲ, ਪੂਜਾ)-ਮੁੰਬਈ ਤੋਂ ਵਿਸ਼ੇਸ਼ ਤੌਰ 'ਤੇ ਆਏ ਈ ਡੀ ਲਾ ਪੀ ਜ ਡੀ ਵੀ ਮਮਦਾਪੁਰ, ਨਾਰਥ ਜ਼ੋਨ ਦੇ ਹੈਡ ਰੰਜਨ ਨਾਇਰ, ਸਟੇਟ ਹੈਡ ਮੈਨਕ ਮੁਖਰਜੀ (ਪੰਜਾਬ, ਹਿਮਾਚਲ, ਜੰਮੂ ਕਸ਼ਮੀਰ ਅਤੇ ਲੱਦਾਖ), ਵਿਨੋਦ ਸੋਮਾਵੰਸ਼ੀ ਟੀਮ ਬਠਿੰਡਾ, ਪੰਕਜ ਰਾਠੌਰ ਟੀਮ ਲਾਲਰੂ, ਵਿਪੁਲ ਮਧੁਕਰ ਵਾਡਨੇਰੇ ਸੇਲਜ਼ ਅਫਸਰ ਬਠਿੰਡਾ, ਪੰਕਜ ਸਿੰਘ ਸੇਲਜ਼ ਅਫਸਰ ਅੰਮ੍ਰਿਤਸਰ ਅਤੇ 100 ਦੇ ਕਰੀਬ ਡਿਸਟ੍ਰੀਬਿਊਟਰਜ਼ ਸ਼ਾਮਿਲ ਹੋਏ। ਬੈਸਟ ਡਿਸਟ੍ਰੀਬਿਊਟਰ ਦੇ ਐਵਾਰਡ ਨਾਲ ਮੁਕਤਸਰ ਗੈਸ ਸੈਂਟਰ ਸ੍ਰੀ ਮੁਕਤਸਰ ਸਾਹਿਬ ਨੂੰ ਨਿਵਾਜਿਆ ਗਿਆ। ਮੁਕਤਸਰ ਗੈਸ ਸੈਂਟਰ ਦੇ ਮਾਲਕ ਵਿਜੈ ਸਚਦੇਵਾ ਤੇ ਰਾਹੁਲ ਸਚਦੇਵਾ ਨੇ ਇਸ ਪੁਰਸਕਾਰ ਲਈ ਕੰਪਨੀ ਦੇ ਅਧਿਕਾਰੀਆਂ ਦਾ ਧੰਨਵਾਦ ਕੀਤਾ। ਮੁਕਤਸਰ ਗੈਸ ਸੈਂਟਰ (ਭਾਰਤ ਗੈਸ) ਦੀ ਸਥਾਪਨਾ ਸਾਲ 1988 ਵਿੱਚ ਹੋਈ ਸੀ। ਉੱਤਮ ਗ੍ਰਾਹਕ ਸੇਵਾ, ਲਗਨ ਅਤੇ ਨਿਸ਼ਠਾ ਨੂੰ ਮੁੱਖ ਰੱਖਦੇ ਹੋਏ ਇਸ ਏਜੇਂਸੀ ਨੂੰ ਲਗਾਤਾਰਤਾ ਵਿੱਚ ਸਰਵੋਤਮ ਪੁਰਸਕਾਰ ਪ੍ਰਾਪਤ ਹੋ ਰਹੇ ਹਨ। ਇਸ ਦੇ ਨਾਲ ਹੀ ਸਜਰੂਰਚਦੇਵਾ ਪਰਵਾਰ ਦੇ ਦੂਸਰੇ ਅਦਾਰੇ ਹਰਜਸ ਭਾਰਤ ਗੈਸ ਗ੍ਰਾਮੀਣ ਵਿਤਰਕ ਹਰੀ ਕੇ ਕਲਾਂ ਨੂੰ ਮਹੀਨਾ ਸਤੰਬਰ ਲਈ ਟੈਰੀਟਰੀ ਟਾੱਪਰ ਦਾ ਐਵਾਰਡ ਵੀ ਮਿਲਿਆ। ਏਜੇਂਸੀ ਸੰਚਾਲਕਾਂ ਨੇ ਗ੍ਰਾਹਕਾਂ ਪ੍ਰਤੀ ਆਪਣੀ ਪ੍ਰਤੀਬੱਧਤਾ ਜਾਰੀ ਰੱਖਣ ਦਾ ਸੰਕਲਪ ਦੁਹਰਾਇਆ ਅਤੇ ਇਨ੍ਹਾਂ ਐਵਾਰਡਾਂ ਦਾ ਸਿਹਰਾ ਆਪਣੇ ਮਿਹਨਤੀ ਸਟਾਫ ਨੂੰ ਦਿੱਤਾ।

ਸਾਨੂੰ ਸ੍ਰੀ ਰਾਮ ਚੰਦਰ ਦੇ ਆਦਰਸ਼ਾਂ ਨੂੰ ਆਪਣੇ ਜੀਵਨ 'ਚ ਢਾਲਣਾ ਚਾਹੀਦਾ : ਬੇਦੀ

ਸਮਾਣਾ (ਇਕਬਾਲ ਸਿੰਘ ਬੱਲ)-ਸ੍ਰੀ ਦੁਰਗਾ ਰਾਮਾ ਡ੍ਰਾਮਾਟਿਕ ਕਲੱਬ ਸਮਾਣਾ ਵਲੋਂ ਸ਼ਿਵ ਸ਼ੰਕਰ ਯੂਥ ਸੇਵਾ ਦਲ ਦੇ ਸਹਿਯੋਗ ਨਾਲ ਸਥਾਨਕ ਦੁਸਹਿਰਾ ਗਰਾਊਂਡ ਵਿਖੇ ਕਰਵਾਈ ਜਾ ਰਹੀ ਰਾਮਲੀਲ੍ਹਾ ਦੇ ਛੇਵੇਂ ਦਿਨ ਮੁੱਖ ਮਹਿਮਾਨ ਵਜੋਂ ਉੱਘੇ ਸਮਾਜ ਸੇਵੀ ਪੰਚਾਇਤ ਸੈਕਟਰੀ ਹਰਜਿੰਦਰ ਸਿੰਘ ਬੇਦੀ ਨੇ ਸ਼ਿਰਕਤ ਕੀਤੀ ਅਤੇ ਕਿਹਾ ਕਿ ਸਾਨੂੰ ਰਾਮਲੀਲ੍ਹਾ ਪੂਰੇ ਧਿਆਨ ਨਾਲ ਦੇਖਣੀ ਚਾਹੀਦੀ ਹੈ ਅਤੇ ਭਗਵਾਨ ਸ੍ਰੀ ਰਾਮ ਚੰਦਰ ਦੇ ਆਦਰਸ਼ਾਂ ਨੂੰ ਆਪਣੇ ਜੀਵਨ ਵਿੱਚ ਢਾਲਣਾ ਚਾਹੀਦਾ ਹੈ। ਇਸ ਦੌਰਾਨ ਕਲੱਬ ਦੇ ਅਹੁਦੇਦਾਰਾਂ ਵਲੋਂ ਬੇਦੀ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਵੀ ਕੀਤਾ ਗਿਆ । ਇਸ ਮੌਕੇ ਰਜਤ ਗੋਇਲ, ਅਮਿਤ ਜਿੰਦਲ ਆਦਿ ਤੋਂ ਇਲਾਵਾ ਸੰਸਥਾ ਦੇ ਉਪ-ਪ੍ਰਧਾਨ ਪ੍ਰਦੀਪ ਸ਼ਰਮਾ, ਸੈਕਟਰੀ ਰਮਨ ਮਹਿੰਦਰਾ, ਕੈਸ਼ੀਅਰ ਹੈਪੀ ਸ਼ਰਮਾ, ਰਵਿੰਦਰ ਕਾਂਸਲ, ਸੁਦਰਸ਼ਨ ਛਾਬੜਾ, ਪਵਨ ਮਹਿਰਾ, ਇੰਦਰਜੀਤ ਸੱਗੂ, ਸੰਜੇ ਬਾਂਸਲ, ਰਵਿੰਦਰ ਕਾਂਸਲ, ਵਿਨੋਦ ਕਾਂਸਲ, ਕੁਲਦੀਪ ਸ਼ਰਮਾ, ਕਮਲ ਸ਼ਰਮਾ, ਇੰਦਰਜੀਤ ਸੱਗੂ, ਮੰਨੀ ਸ਼ਰਮਾ, ਤੀਰਥ ਮੇਨਕਾ, ਰਿਪੀ ਮੇਨਕਾ, ਸਨੀ ਬਰੇਜਾ, ਰਣਜੀਤ ਰਾਣਾ, ਪ੍ਰਦੀਪ ਸੇਠੀ, ਮਨੋਜ ਕੁਮਾਰ, ਰਾਜ ਕੁਮਾਰ, ਸਨੀ ਪੋਪਲੀ, ਲਲਿਤ ਕੁਮਾਰ, ਜੀਤ ਸ਼ਰਮਾ, ਸਚਿਨ ਭਟਨਾਗਰ ਆਦਿ ਵੀ ਮੌਜੂਦ ਰਹੇ।

ਬਲੌਜ਼ਮਜ਼ ਕਾਨਵੈਂਟ ਸਕੂਲ ਵੱਲੋਂ ਪਾਣੀ ਦੀ ਸ਼ੁੱਧਤਾ ਸੰਬੰਧੀ ਰੈਲੀ

ਜਗਰਾਉਂ (ਅਮਿਤ ਖੰਨਾ)-ਬਲੌਜ਼ਮਜ਼ ਕਾਨਵੈਂਟ ਸਕੂਲ ਦੇ ਵਿਦਿਆਰਥੀਆਂ ਵੱਲੋਂ ਪਾਣੀ ਦੀ ਸ਼ੁੱਧਤਾ ਲਈ ਇੱਕ ਵਿਸ਼ੇਸ਼ ਰੈਲੀ ਕੱਢੀ ਗਈ ਜਿਸ ਦਾ ਮੁੱਖ ਵਿਸਾ ਇਹ ਸੀ ਕਿ ਸਤਲੁਜ ਦਰਿਆ ਦੇ ਪਾਣੀ ਵਿਚ ਜੋ ਇੰਡਸਟਰੀ ਦੀ ਗੰਦਗੀ ਮੈਟਲ ਤੇ ਹੋਰ ਤਰੀਕੇ ਰਾਹੀਂ ਆ ਰਹੀ ਹੈ, ਉਸ ਦਾ ਸ਼ੁੱਧੀਕਰਨ ਲਈ ਜਵਾਰ ਅਤੇ ਬਾਜਰੇ ਦੀ ਖੇਤੀ ਵਿੱਚੋਂ ਬਚਦੇ ਮਟੀਰੀਅਲ ਨੂੰ ਇੱਕ ਫਿਲਟਰ ਦੇ ਤੌਰ 'ਤੇ ਵਰਤੋਂ ਵਿੱਚ ਲਿਆ ਕੇ ਉਸ ਪਾਣੀ ਨੂੰ ਸ਼ੁੱਧ ਕਰਕੇ ਪੀਣ ਅਤੇ ਖੇਤੀ ਯੋਗ ਬਣਾਉਣ ਦੇ ਢੰਗ ਦੱਸੇ। ਵਿਦਿਆਰਥੀਆਂ ਨੇ ਇਸ ਵਿਸ਼ੇ ਨੂੰ ਲੈ ਕੇ ਇੱਕ ਵਿਸ਼ੇਸ਼ ਰੈਲੀ ਕੱਢੀ ਤਾਂ ਜੋ ਲੋਕਾਂ ਵਿੱਚ ਇਸ ਪ੍ਰਤੀ ਜਾਗਰਤੀ ਆ ਸਕੇ। ਇਸ ਮੌਕੇ ਸਕੂਲ ਪ੍ਰਿੰ. ਡਾ. ਅਮਰਜੀਤ ਕੌਰ ਨਾਜ ਨੇ ਸਕੂਲ ਦੇ ਵਾਈਸ ਪ੍ਰਿੰ. ਮਿਸਿਜ਼ ਰੰਜਨਾ ਕੌਸ਼ਲ ਦੀ ਅਗਵਾਈ ਹੇਠ ਵਿਦਿਆਰਥੀਆਂ ਲਈ ਲੀਡ ਕਰਨ ਵਾਲੇ ਅਧਿਆਪਕ ਰਾਜ ਕੁਮਾਰ ਕੱਕੜ ਮਿਸਿਜ਼ ਡਾਲੀ ਨੂੰ ਹੋਰ ਪ੍ਰੇਰਨਾਦਾਇਕ ਵਿਸ਼ੇ ਲੈ ਕੇ ਸਮਾਜ ਸੁਧਾਰਨ ਲਈ ਵੱਧ ਚੜ੍ਹ ਕੇ ਹਿੱਸਾ ਲੈਣ ਦੀ ਨਸੀਹਤ ਦਿੱਤੀ। ਇਸ ਮੌਕੇ ਸਕੂਲ ਦੇ ਚੇਅਰਮੈਨ ਹਰਭਜਨ ਸਿੰਘ ਜੌਹਲ, ਪ੍ਰੈਜ਼ੀਡੈਂਟ ਮਨਪ੍ਰੀਤ ਸਿੰਘ ਬਰਾੜ ਨੇ ਵੀ ਇਸ ਕਦਮ ਦੀ ਸ਼ਲਾਘਾ ਕੀਤੀ।

ਗੁਰੂ ਨਾਨਕ ਨੈਸ਼ਨਲ ਕਾਲਜ ਦੋਰਾਹਾ ਦੇ ਖਿਡਾਰੀਆਂ ਦਾ ਖੇਡ ਮੁਕਾਬਲਿਆਂ 'ਚ ਸ਼ਾਨਦਾਰ ਪ੍ਰਦਰਸ਼ਨ

ਦੋਰਾਹਾ (ਹਰਮਿੰਦਰ ਸੇਠ)-ਸਥਾਨਕ ਗੁਰੂ ਨਾਨਕ ਨੈਸ਼ਨਲ ਕਾਲਜ, ਦੋਰਾਹਾ ਦੇ ਹੋਣਹਾਰ ਵਿਦਿਆਰਥੀ ਖਿਡਾਰੀਆਂ ਨੇ ਪੰਜਾਬ ਸਰਕਾਰ ਦੇ ਬਲਾਕ, ਜ਼ਿਲ੍ਹਾ ਤੇ ਰਾਜ ਪੱਧਰ ਦੇ ਖੇਡ ਮੁਕਾਬਲਿਆਂ 'ਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਮਾਣਮੱਤੀ ਜਿੱਤ ਕਾਲਜ ਦੀ ਝੋਲੀ ਪਾਈ ਹੈ। ਕਾਰਜਕਾਰੀ ਪ੍ਰਿੰਸੀਪਲ ਅਤੇ ਡੀਨ ਆਫ਼ ਸਪੋਰਟਸ ਡਾ. ਨਿਰਲੇਪ ਕੌਰ ਨੇ ਦੱਸਿਆ ਕਿ ਸਰੀਰਕ ਸਿੱਖਿਆ ਵਿਭਾਗ ਦੇ ਪ੍ਰੋ. ਮਨਿੰਦਰ ਸਿੰਘ ਦੀ ਯੋਗ ਅਗਵਾਈ ਹੇਠ ਪੰਜਾਬ ਸਰਕਾਰ ਦੀ ਰਾਜ ਪੱਧਰੀ ਖੇਡ ਪ੍ਰਤਿਯੋਗਤਾ 'ਖੇਡਾਂ ਵਤਨ ਪੰਜਾਬ ਦੀਆਂ' ਵਿੱਚ ਕਾਲਜ ਦੇ ਵਿਦਿਆਰਥੀ ਚੰਦਨ ਨੇ ਪੁਰਸ਼ਾਂ ਦੇ ਵੇਟਲਿਫ਼ਟਿੰਗ ਦੇ ਮੁਕਾਬਲਿਆਂ 'ਚ ਸਿਲਵਰ ਮੈਡਲ ਹਾਸਲ ਕੀਤਾ ਅਤੇ ਪੰਜਾਬ ਸਰਕਾਰ ਵੱਲੋਂ 7000 ਰੁਪਏ ਨਕਦ ਇਨਾਮ ਪ੍ਰਾਪਤ ਕਰਕੇ ਕਾਲਜ ਦਾ ਨਾਂਅ ਰੌਸ਼ਨ ਕੀਤਾ ਹੈ। ਇਸੇ ਤਰ੍ਹਾਂ ਕਾਲਜ ਦੀ ਵਿਦਿਆਰਥਣ ਖਿਡਾਰਨ ਪ੍ਰਿਯੰਕਾ ਮੰਡਲ ਨੇ ਬੈਡਮਿੰਟਨ ਮੁਕਾਬਲੇ 'ਚ ਸਿਲਵਰ ਮੈਡਲ ਪ੍ਰਾਪਤ ਕਰਦਿਆਂ ਪੰਜਾਬ ਸਰਕਾਰ ਵੱਲੋਂ 7000 ਰੁਪਏ ਨਕਦ ਇਨਾਮ ਪ੍ਰਾਪਤ ਕੀਤਾ ਹੈ। ਇਸ ਸ਼ਾਨਦਾਰ ਜਿੱਤ ਲਈ ਕਾਲਜ ਪ੍ਰਬੰਧਕੀ ਕਮੇਟੀ ਦੇ ਅਹੁਦੇਦਾਰਾਂ, ਮੈਂਬਰ ਸਾਹਿਬਾਨ ਅਤੇ ਕਾਰਜਕਾਰੀ ਪ੍ਰਿੰਸੀਪਲ ਡਾ. ਨਿਰਲੇਪ ਕੌਰ ਨੇ ਸਰੀਰਕ ਸਿੱਖਿਆ ਵਿਭਾਗ ਦੀ ਸਮੁੱਚੀ ਟੀਮ ਨੂੰ ਮੁਬਾਰਕਬਾਦ ਦਿੱਤੀ।

ਜ਼ੈੱਡ ਕਿੰਗ ਵੀਜ਼ਾ ਕੰਸਲਟੈਂਸੀ ਨੇ ਨਿਊ ਜ਼ੀਲੈਂਡ ਦਾ ਸਟੱਡੀ ਵੀਜ਼ਾ ਲਗਵਾਇਆ

ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)-ਸਥਾਨਕ ਸ਼ਹਿਰ ਦੇ ਮਾਲੇਰਕੋਟਲਾ ਰੋਡ 'ਤੇ ਸਥਿਤ ਜ਼ੈੱਡ ਕਿੰਗ ਸਕਸੈਸ ਸਟੱਡੀ ਵੀਜ਼ਾ ਕੰਸਲਟੈਂਸੀ ਨੇ ਵਿਦੇਸ਼ ਜਾਣ ਦੇ ਇੱਛੁਕ ਵਿਅਕਤੀਆਂ ਦੇ ਕਾਨੂੰਨੀ ਪੱਖੋਂ ਵੀਜ਼ੇ ਲਗਵਾ ਕੇ ਸੁਪਨਾ ਸਾਕਾਰ ਕੀਤਾ ਹੈ। ਹਾਲ ਹੀ ਦੌਰਾਨ ਹਲਕੇ ਦੇ ਪਿੰਡ ਬੁਗਰਾ ਦੇ ਦੁਰਜੋਧ ਸਿੰਘ ਦਾ ਨਿਊਜ਼ੀਲੈਂਡ ਦਾ ਵੀਜ਼ਾ ਲਗਵਾਇਆ ਹੈ। ਕੰਪਨੀ ਦੇ ਐੱਮ.ਡੀ. ਹਾਕਮ ਸਿੰਘ ਬਲਿੰਗ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਉਨ੍ਹਾਂ ਦੀ ਕੰਪਨੀ ਪਿਛਲੇ ਲੰਮੇ ਸਮੇਂ ਤੋਂ ਕੈਨੇਡਾ, ਨਿਊਜ਼ੀਲੈਂਡ, ਆਸਟਰੇਲੀਆ ਯੂ.ਕੇ ਦੇ ਸਟੱਡੀ, ਸਪਾਊਸ ਵੀਜ਼ੇ ਅਤੇ ਵਿਜ਼ਿਟਰ ਵੀਜ਼ੇ ਲਗਵਾਉਂਦੀ ਆ ਰਹੀ ਹੈ ਅਤੇ ਤਜਰਬੇਕਾਰ ਸਟਾਫ਼ ਦੀ ਮਿਹਨਤ ਸਦਕਾ ਉਨ੍ਹਾਂ 100 ਫੀਸਦੀ ਨਤੀਜੇ ਰਹੇ ਹਨ। ਉਨ੍ਹਾਂ ਕਿਹਾ ਕਿ ਆਸਟਰੇਲੀਆ, ਨਿਊਜ਼ੀਲੈਂਡ ਅਤੇ ਕੈਨੇਡਾ ਦੇ ਸਟੱਡੀ ਵੀਜ਼ਿਆਂ ਲਈ ਵਿਦੇਸ਼ਾਂ ਦੇ ਨਾਮਵਰ ਕਾਲਜਾਂ ਵਿੱਚ ਦਾਖਲਾ ਦਿਵਾਇਆ ਜਾਂਦਾ ਹੈ ਅਤੇ ਗੈਪ ਵੀ ਮਨਜ਼ੂਰ ਹੋਣ ਯੋਗ ਹੁੰਦਾ ਹੈ।

ਲੁਟੇਰੇ ਬਜ਼ੁਰਗ ਕੋਲੋਂ ਮੋਬਾਇਲ ਖੋਹ ਕੇ ਫਰਾਰ

ਗੁਰੂਹਰਸਹਾਏ (ਫ਼ਕੀਰ ਚੰਦ ਸਿਕਰੀ)-ਸ਼ਹਿਰ ਅੰਦਰ ਲੁਟੇਰਿਆਂ ਵੱਲੋਂ ਲੁੱਟਾਂ ਖੋਹਾਂ ਕਰਨ ਦਾ ਸਿਲਸਿਲਾ ਲਗਾਤਾਰ ਜਾਰੀ ਹੈ। ਦਿਨ ਦਿਹਾੜੇ ਸ਼ਹਿਰ ਦੀ ਕ੍ਰਿਸ਼ਨ ਮੰਦਿਰ ਵਾਲੀ ਗਲੀ ਵਿੱਚੋਂ ਦੋ ਮੋਟਰਸਾਈਕਲ ਸਵਾਰ ਲੁਟੇਰੇ ਬਜ਼ੁਰਗ ਵਿਅਕਤੀ ਕੋਲੋਂ ਮੋਬਾਇਲ ਫੋਨ ਖੋਹ ਕੇ ਫਰਾਰ ਹੋ ਗਏ। ਜਾਣਕਾਰੀ ਦਿੰਦੇ ਹੋਏ ਪੀੜਿਤ ਰਮੇਸ਼ ਨਾਰੰਗ ਨੇ ਦੱਸਿਆ ਕਿ ਉਹ ਆਦਰਸ਼ ਨਗਰ 'ਚ ਰਹਿੰਦੇ ਹਨ ਤੇ ਅੱਜ ਦੁਪਹਿਰ ਸਮੇਂ ਸੀ ਐਚ ਸੀ ਹਸਪਤਾਲ ਤੋਂ ਪੈਦਲ ਦਵਾਈ ਲੈ ਕੇ ਵਾਪਸ ਆਪਣੇ ਘਰ ਜਾ ਰਿਹਾ ਸੀ ਤਾਂ ਜਦ ਉਹ ਕ੍ਰਿਸ਼ਨ ਮੰਦਿਰ ਦੇ ਕੋਲ ਪਹੁੰਚਿਆ ਤਾਂ ਪਿੱਛੋਂ ਆਏ ਦੋ ਮੋਟਰਸਾਈਕਲ ਸਵਾਰ ਲੁਟੇਰੇ ਉਸ ਦੇ ਕੁੜਤੇ ਦੀ ਉੱਪਰ ਵਾਲੀ ਜੇਬ ਵਿੱਚੋਂ ਮੋਬਾਇਲ ਫੋਨ ਕੱਢ ਕੇ ਲੈ ਕੇ ਫਰਾਰ ਹੋ ਗਏ। ਉਨ੍ਹਾਂ ਵੱਲੋਂ ਰੋਲਾ ਪਾਉਣ 'ਤੇ ਕੁਝ ਰਾਹਗੀਰ ਲੋਕਾਂ ਨੇ ਉਨ੍ਹਾਂ ਮੋਟਰਸਾਈਕਲ ਸਵਾਰ ਲੁਟੇਰਿਆਂ ਦਾ ਪਿੱਛਾ ਕੀਤਾ ਪਰ ਉਹ ਭੱਜਣ ਵਿੱਚ ਕਾਮਯਾਬ ਹੋ ਗਏ। ਪੀੜਿਤ ਰਮੇਸ਼ ਨਾਰੰਗ ਨੇ ਦੱਸਿਆ ਕਿ ਉਨ੍ਹਾਂ ਨੇ ਕੁਝ ਸਮਾਂ ਪਹਿਲਾਂ ਹੀ ਸੈਮਸੰਗ ਮਾਰਕਾ ਕੰਪਨੀ ਦਾ ਫੋਨ ਖਰੀਦਿਆ ਸੀ ਜਿਸ ਦੀ ਕੀਮਤ 20 ਤੋਂ 25 ਹਜ਼ਾਰ ਰੁਪਏ ਹੈ।

ਕੁਲਦੀਪ ਸਿੰਘ ਬਿੱਟੂ ਬੰਦੇਸਾ ਤੇ ਮੱਖਣ ਗੋਇਲ ਆਪ 'ਚ ਸ਼ਾਮਲ

ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)-ਵਿਧਾਨ ਸਭਾ ਹਲਕਾ ਸ਼ੁਤਰਾਣਾ ਵਿੱਚ ਆਮ ਆਦਮੀ ਪਾਰਟੀ ਨੂੰ ਉਸ ਸਮੇਂ ਵੱਡਾ ਹੁੰਗਾਰਾ ਮਿਲਿਆ ਜਦੋਂ ਨਗਰ ਕੌਂਸਲ ਪਾਤੜਾਂ ਦੇ ਵਾਰਡ ਨੰਬਰ ਪੰਜ ਦੀ ਕੌਂਸਲਰ ਪਰਮਜੀਤ ਕੌਰ ਦੇ ਪਤੀ ਸੀਨੀਅਰ ਕਾਂਗਰਸੀ ਆਗੂ ਕੁਲਦੀਪ ਸਿੰਘ ਬਿੱਟੂ ਬੰਦੇਸਾ ਅਤੇ ਕਾਰ ਡੀਲਰ ਐਸੋਸੀਏਸ਼ਨ ਦੇ ਸੀਨੀਅਰ ਮੈਂਬਰ ਅਤੇ ਸਮਾਜ ਸੇਵੀ ਆਗੂ ਮੱਖਣ ਗੋਇਲ ਨੇ ਹਲਕਾ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਦੀ ਅਗਵਾਈ ਵਿੱਚ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਣ ਦਾ ਐਲਾਨ ਕਰ ਦਿੱਤਾ। ਇਸ ਸਮਾਗਮ ਦੌਰਾਨ ਲੋਕ ਸਭਾ ਹਲਕਾ ਪਟਿਆਲਾ ਦੇ ਆਗੂ ਦਲਬੀਰ ਸਿੰਘ ਗਿੱਲ ਯੂਕੇ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਪਾਰਟੀ ਵਿੱਚ ਸ਼ਾਮਲ ਹੋਣ ਵਾਲੇ ਇਨ੍ਹਾਂ ਦੋਨਾਂ ਆਗੂਆਂ ਦਾ ਹਲਕਾ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਨੇ ਸਵਾਗਤ ਕਰਦਿਆਂ ਮਾਣ ਸਨਮਾਨ ਦਾ ਭਰੋਸਾ ਦਿੱਤਾ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਨਗਰ ਕੌਂਸਲ ਪਾਤੜਾਂ ਦੇ ਸਾਬਕਾ ਸੀਨੀਅਰ ਮੀਤ ਪ੍ਰਧਾਨ ਸੋਨੀ ਜਲੂਰ , ਕਾਰ ਡੀਲਰ ਐਸੋਸੀਏਸ਼ਨ ਦੇ ਪ੍ਰਧਾਨ ਪ੍ਰੀਤ ਗਿੱਲ, ਆਮ ਆਦਮੀ ਪਾਰਟੀ ਦੇ ਬਲਾਕ ਪ੍ਰਧਾਨ ਮਹਿੰਗਾ ਸਿੰਘ ਬਰਾੜ, ਨਰਿੰਦਰ ਕੁਮਾਰ, ਯਾਦਵਿੰਦਰ ਸਿੰਘ ਸਰਪੰਚ ਕਾਹਨਗੜ੍ਹ, ਗੁਰਦੇਬੋ ਬਾਈ, ਗੇਜਾ ਰਾਮ, ਲਵਲੀ ਗੋਇਲ, ਆਦਿ ਹਾਜ਼ਰ ਸਨ।

ਫੋਨ 'ਤੇ ਫਿਰੌਤੀ ਮੰਗਣ ਵਾਲਿਆਂ 'ਚੋਂ ਇੱਕ ਕਾਬੂ

30 ਲੱਖ ਰੁਪਏ ਦੀ ਕੀਤੀ ਸੀ ਮੰਗ

ਮੋਗਾ (ਅਮਰਜੀਤ ਬੱਬਰੀ)-ਮੋਗਾ ਪੁਲਸ ਨੇ ਫੋਨ 'ਤੇ ਧਮਕੀਆਂ ਦੇ ਕੇ 30 ਲੱਖ ਦੀ ਫਿਰੌਤੀ ਮੰਗਣ ਵਾਲੇ ਲਾਲੀ ਧਾਲੀਵਾਲ ਗਰੋਹ ਦੇ ਸਰਗਣੇ ਨੂੰ ਕਾਬੂ ਕਰਨ ਵਿਚ ਸਫਲਤਾ ਹਾਸਲ ਕੀਤੀ ਹੈ।ਇਸ ਸੰਬੰਧੀ ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਐਸ ਪੀ (ਡੀ) ਅਜੈ ਰਾਜ ਸਿੰਘ ਨੇ ਦਸਿੱਆ ਕਿ ਜੇਥ ਇਲਨਜ਼ੇਨੀਅਨ ਸੀਨੀਅਰ ਕਪਤਾਨ ਪੁਲਸ ਮੋਗਾ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਕਪਤਾਨ ਪੁਲਸ (ਇੰਨਵੈਸਟੀਗੇਸ਼ਨ) ਮੋਗਾ ਦੀ ਅਗਵਾਈ ਹੇਠ ਮੁੱਖ ਅਫਸਰ ਥਾਣਾ ਸਦਰ ਮੋਗਾ ਨੂੰ ਤਰਸੇਮ ਸਿੰਘ ਪੁੱਤਰ ਬਲਵਿੰਦਰ ਸਿੰਘ, ਸੁਰਜੀਤ ਸਿੰਘ ਵਾਸੀ ਬਘੇਲੇ ਵਾਲਾ ਤਹਿ. ਅਤੇ ਜ਼ਿਲ੍ਹਾ ਮੋਗਾ ਦੀ ਸ਼ਿਕਾਇਤ ਮਿਲੀ ਸੀ ਜਿਸ ਵਿਚ ਤਰਸੇਮ ਸਿੰਘ ਲਿਖਿਆ ਕਿ ਉਹ ਖੇਤੀਬਾੜੀ ਦੇ ਕੰਮਕਾਰ ਦੇ ਨਾਲ ਨਾਲ ਆਪਣੀ ਆੜ੍ਹਤੀਏ ਦੀ ਦੁਕਾਨਦਾਰੀ ਕਰਦਾ ਹੈ ਅਤੇ ਉਸ ਦੀ ਪਤਨੀ ਵੀਰਪਾਲ ਕੌਰ ਆਪਣੇ ਪਿੰਡ ਦੀ ਸਰਪੰਚ ਰਹਿ ਚੁੱਕੀ ਹੈ।ਤਰਸੇਮ ਸਿੰਘ ਦੇ ਦਰਜ ਕਰਵਾਇਆ ਕਿ ਉਸ ਦੇ ਫੋਨ ਨੰਬਰ 98156-89305 ਤੇ +4915778738-415 ਨੰਬਰ ਤੋਂ ਵਟਸਐਪ ਕਾਲ ਆਈ ਜਿਸ ਵਿਚ ਫੋਨ ਕਰਨ ਵਾਲੇ ਨੇ ਆਪਣਾ ਨਾਂਅ ਲਾਲੀ ਧਾਲੀਵਾਲ ਦੱਸਿਆ ਅਤੇ ਉਸ ਕੋਲੋਂ 30 ਲੱਖ ਰੁਪਏ ਦੀ ਫਿਰੌਤੀ ਦੀ ਮੰਗ ਕੀਤੀ ਅਤੇ ਫਿਰੌਤੀ ਨਾ ਦੇਣ 'ਤੇ ਉਸ ਨੂੰ ਅਤੇ ਉਸ ਦੇ ਪਰਵਾਰ ਨੂੰ ਮਾਰਨ ਦੀ ਧਮਕੀ ਵੀ ਦਿੱਤੀ ਗਈ ।ਉਸ ਤੋਂ ਬਾਅਦ ਤਰਸੇਮ ਸਿੰਘ ਨੂੰ ਪਿੰਡ ਦੇ ਹੀ ਜਸਵੀਰ ਸਿੰਘ ਉਰਫ ਜੱਸਾ ਪੁੱਤਰ ਸੁਲੱਖਣ ਸਿੰਘ ਨੇ ਉਸ ਨੂੰ ਫੋਨ ਕਰਕੇ ਪੁੱਛਿਆ ਕਿ ਤੁਹਾਨੂੰ ਲਾਲੀ ਧਾਲੀਵਾਲ ਦੇ ਨਾਂਅ ਦਾ ਕੋਈ ਧਮਕੀ ਭਰਿਆ ਫੋਨ ਆਇਆ ਹੈ।ਜਿਸ 'ਤੇ ਤਰਸੇਮ ਸਿੰਘ ਨੂੰ ਆਪਣੇ ਪਿੰਡ ਦੇ ਜਸਵੀਰ ਸਿੰਘ ਦਾ ਹੱਥ ਹੋਣ ਦਾ ਸ਼ੱਕ ਹੋਇਆ। ਦਰਖਾਸਤ ਦੀ ਪੜਤਾਲ ਦੌਰਾਨ ਹੀ ਮੁਕੱਦਮਾ ਦਰਜ ਕੀਤਾ ਗਿਆ।ਮੁਕੱਦਮਾ ਉਕਤ ਵਿਚ ਦੋਸ਼ੀ ਜਸਵੀਰ ਸਿੰਘ ਜੱਸਾ ਪੁੱਤਰ ਸੁਲੱਖਣ ਸਿੰਘ ਵਾਸੀ ਬਘੇਲੇ ਵਾਲਾ ਜ਼ਿਲ੍ਹਾ ਮੋਗਾ ਨੂੰ ਮਿਤੀ 13 ਅਕਤੂਬਰ ਨੂੰ ਗ੍ਰਿਫਤਾਰ ਕੀਤਾ ਗਿਆ।ਪੁੱਛਗਿੱਛ ਦੌਰਾਨ ਜਸਵੀਰ ਸਿੰਘ ਜੱਸਾ ਨੇ ਦੱਸਿਆ ਕਿ

19-Oct-PAGE-3-Majha-23.qxd 10/18/2023 10:43 PM Page 1

ਮੋਦੀ ਸਰਕਾਰ ਦੀ ਫਾਸ਼ੀਵਾਦੀ ਨੀਤੀ ਵਿਰੁੱਧ ਨਰੇਗਾ ਕਾਮਿਆਂ ਵੱਲੋਂ ਰੋਸ ਪ੍ਰਦਰਸ਼ਨ

ਭਿੱਖੀਵਿੰਡ (ਨਵਾਂ ਜ਼ਮਾਨਾ ਸਰਵਿਸ)—ਸੀ ਪੀ ਆਈ ਦੀ ਅਗਵਾਈ ਹੇਠ ਨਰੇਗਾ ਕਾਮਿਆਂ ਨੇ ਮਹਿੰਗਾਈ, ਬੇਰੁਜ਼ਗਾਰੀ, ਅਨਪੜ੍ਹਤਾ ਤੇ ਮੋਦੀ ਸਰਕਾਰ ਦੀ ਫਾਸ਼ੀਵਾਦੀ ਨੀਤੀ ਵਿਰੁੱਧ ਭਿੱਖੀਵਿੰਡ ਬਾਜ਼ਾਰ ਵਿੱਚ ਜ਼ੋਰਦਾਰ ਪ੍ਰਦਰਸ਼ਨ ਕੀਤਾ। ਇਸ ਮੌਕੇ ਸੰਬੋਧਨ ਕਰਦਿਆਂ ਸੀਪੀਆਈ ਬਲਾਕ ਭਿੱਖੀਵਿੰਡ ਦੇ ਸਕੱਤਰ ਨਰਿੰਦਰ ਸਿੰਘ ਅਲਗੋਂ ਨੇ ਕਿਹਾ ਕਿ ਮੋਦੀ ਦੀ ਹਕੂਮਤ ਲੋਕਾਂ ਦਾ ਧਿਆਨ ਮਹਿੰਗਾਈ, ਬੇਰੁਜ਼ਗਾਰੀ ਤੇ ਅਨਪੜ੍ਹਤਾ ਵੱਲੋਂ ਹਟਾਉਣ ਵਾਸਤੇ ਲੋਕਾਂ ਨੂੰ ਫਾਸ਼ੀਵਾਦ ਵਿੱਚ ਧੱਕ ਰਹੀ ਹੈ। ਜਿਹੜਾ ਵੀ ਕੋਈ ਬੁੱਧੀਜੀਵੀ, ਪੱਤਰਕਾਰ ਤੇ ਆਗੂ ਮੋਦੀ ਦੀ ਇਸ ਘਾਤਕ ਨੀਤੀ ਵਿਰੁੱਧ ਆਵਾਜ਼ ਉਠਾਉਂਦਾ ਹੈ ਉਸ ਨੂੰ ਜੇਲ੍ਹਾਂ ਵਿੱਚ ਬੰਦ ਕਰ ਦਿੱਤਾ ਜਾਂਦਾ ਹੈ। ਕਈ ਪੱਤਰਕਾਰ ਤੇ ਬੁੱਧੀਜੀਵੀ ਲੰਮੇ ਸਮੇਂ ਤੋਂ ਜੇਲ੍ਹਾਂ ਵਿੱਚ ਡੱਕੇ ਹੋਏ ਹਨ। ਬੜੀ ਹੈਰਾਨੀ ਹੈ ਕਿ ਹੁਣ ਮੋਦੀ ਦੀ ਹਕੂਮਤ ਕਿਸਾਨਾਂ ਦਾ ਸੰਘਰਸ਼ ਜੋ ਦਿੱਲੀ ਦੀਆਂ ਬਰੂਹਾਂ 'ਤੇ ਇੱਕ ਸਾਲ ਚੱਲਿਆ ਹੈ, ਬਾਰੇ ਇਹ ਕਿਹਾ ਜਾ ਰਿਹਾ ਹੈ ਕਿ ਇਹ ਸੰਘਰਸ਼ ਚੀਨ ਦੇ ਪੈਸੇ ਨਾਲ ਭਾਵ ਉਸ ਦੀ ਮਦਦ ਨਾਲ ਚੱਲਿਆ ਹੈ। ਇਸ ਨਾਲ ਦੇਸ਼ ਦੀ ਆਰਥਿਕਤਾ ਦਾ ਬੜਾ ਵੱਡਾ ਨੁਕਸਾਨ ਹੋਇਆ ਹੈ। ਇਸ ਦੋਸ਼ ਦੀ ਇਵਜ਼ ਵਿੱਚ ਕਿਸਾਨਾਂ 'ਤੇ ਕੇਸ ਦਰਜ ਕਰਨ ਦੀ ਤਿਆਰੀ ਹੋ ਰਹੀ ਹੈ। ਇਹ ਬੜਾ ਚੰਗਾ ਹੋਇਆ ਹੈ ਕਿ ਮੋਦੀ ਦੇ ਇਸ ਖਤਰੇ ਨੂੰ ਭਾਂਪਦਿਆਂ ਹੋਇਆਂ ਫਿਰ ਕਿਸਾਨ ਜਥੇਬੰਦੀਆਂ ਨੇ ਏਕਤਾ ਕਰ ਲਈ ਹੈ। ਅੱਜ ਦੇ ਪ੍ਰੋਗਰਾਮ ਵਿੱਚ ਸਰਬ ਭਾਰਤ ਨੌਜਵਾਨ ਸਭਾ ਦੇ ਬਲਾਕ ਪ੍ਰਧਾਨ ਜਸਪਾਲ ਸਿੰਘ ਕਲਸੀਆਂ ਅਤੇ ਟਹਿਲ ਸਿੰਘ ਲੱਧੂ ਨੇ ਵੀ ਸੰਬੋਧਨ ਕੀਤਾ।

ਸ੍ਰੀ ਰਾਮ ਚੰਦਰ ਦੇ ਵਿਆਹ ਦੇ ਸਬੰਧ 'ਚ ਸ਼ਾਨਦਾਰ ਸ਼ੋਭਾ ਯਾਤਰਾ

ਸ਼ੋਭਾ ਯਾਤਰਾ ਸ਼ੁਰੂ ਹੋਣ ਵੇਲੇ ਰਾਣਾ ਹਰਦੀਪ ਸਿੰਘ ਨਾਲ ਦੁਸਹਿਰਾ ਕਮੇਟੀ ਦੇ ਅਹੁਦੇਦਾਰ ਅਤੇ ਹੋਰ ਪਤਵੰਤੇ।

ਸ਼ਾਹਕੋਟ (ਗਿਆਨ ਸੈਦਪੁਰੀ)—ਦੁਸਹਿਰੇ ਨਾਲ ਸਬੰਧਤ 12 ਅਕਤੂਬਰ ਤੋਂ ਸ਼ੁਰੂ ਹੋਈਆਂ ਰਸਮਾਂ ਬੁੱਧਵਾਰ ਨੂੰ ਮਰਯਾਦਾ ਪੁਰਸ਼ੋਤਮ ਸ੍ਰੀ ਰਾਮ ਚੰਦਰ ਜੀ ਦੇ ਵਿਆਹ ਦੀ ਰਸਮ ਨਾਲ ਸਿਖਰ 'ਤੇ ਪਹੁੰਚੀਆਂ ਨਜਰ ਆਈਆਂ। ਇਸ ਰਸਮ ਵਿੱਚ ਆਮ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਰਾਣਾ ਹਰਦੀਪ ਸਿੰਘ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ। ਉਨ੍ਹਾਂ ਨੇ ਸ੍ਰੀ ਰਾਮ ਚੰਦਰ ਦੇ ਵਿਆਹ ਦੀਆਂ ਸਭ ਨੂੰ ਮੁਬਾਰਕਾਂ ਦਿੱਤੀਆਂ। ਸ੍ਰੀ ਰਾਮ ਚੰਦਰ ਜੀ ਦੀ ਬਰਾਤ ਦੇ ਰੂਪ ਵਿੱਚ ਵਿਸ਼ਾਲ ਸੋਭਾ ਯਾਤਰਾ ਕੱਢੀ ਗਈ। ਇਸ ਵਿੱਚ ਰਮਾਇਣ ਦੇ ਅਧਾਰਤ ਵੱਖ-ਵੱਖ ਝਾਕੀਆਂ ਨੇ ਖੂਬਸੂਰਤ ਨਜਾਰਾ ਪੇਸ਼ ਕੀਤਾ। ਦੁਸਹਿਰਾ ਗਰਾਊਂਡ ਤੋਂ ਸ਼ੁਰੂ ਹੋਈ ਤੇ ਇੱਥੇ ਹੀ ਆ ਕੇ ਸਮਾਪਤ ਹੋਈ, ਸ਼ੋਭਾ ਯਾਤਰਾ ਦਾ ਪੂਰੇ ਸ਼ਹਿਰ ਦੇ ਲੋਕਾਂ ਨੇ ਸਵਾਗਤ ਕੀਤਾ। ਸ਼ੋਭਾ ਯਾਤਰਾ ਦੇ ਦੌਰਾਨ ਦੁਸਹਿਰਾ ਕਮੇਟੀ ਨੇ ਵੱਖ ਵੱਖ ਸੰਸਥਾਵਾਂ ਦਾ ਸਨਮਾਨ ਕੀਤਾ। ਯਾਤਰਾ 'ਚ ਬਲਕਾਰ ਸਿੰਘ ਚੇਅਰਮੈਨ ਮਾਰਕਿਟ ਕਮੇਟੀ ਮਹਿਤਪੁਰ, ਹਰਦੇਵ ਸਿੰਘ ਪੀਟਾ ਸਾਬਕਾ ਐਮ.ਸੀ, ਮਲਕੀਤ ਸਿੰਘ ਲਸੂੜੀ, ਪ੍ਰਵੀਨ ਗਰੋਵਰ ਚੇਅਰਮੈਨ ਦੁਸਹਿਰਾ ਕਮੇਟੀ, ਰਾਹੁਲ ਪੰਡਿਤ ਪ੍ਰਧਾਨ ਦੁਸਹਿਰਾ ਕਮੇਟੀ, ਮਾਸਟਰ ਕੁਲਦੀਪ ਸਚਦੇਵਾ, ਦਰਸ਼ਨ ਅਰੋੜਾ, ਵਰਿੰਦਰ ਨਾਹਰ, ਰਾਜਾ ਅਰੋੜਾ, ਰੇਸਮ ਗਿੱਲ ਸਾਬਕਾ ਐਮ.ਸੀ., ਸੈਟੀ ਚਾਵਲਾ ਪ੍ਰਧਾਨ ਸੁਧਾਰ ਕਲੱਬ, ਜਤਿੰਦਰ ਪਾਲ ਸਿੰਘ ਬੱਲ੍ਹਾ, ਸੁਰਿੰਦਰ ਸਿੰਘ ਪ੍ਰਧਾਨ, ਮਾਸਟਰ ਰਮਨ ਕੁਮਾਰ ਪ੍ਰਧਾਨ ਰੈੱਡ ਰੀਬਨ ਕਲੱਬ, ਡਾ. ਨਰੇਸ਼ ਸੱਗੂ, ਸ਼ਿਵ ਨਰਾਇਣ, ਰਤਨ ਸਿੰਘ ਰੱਖੜਾ ਸਰਪ੍ਰਸਤ ਨਿਰੰਗ ਯੋਗ ਸੰਸਥਾ, ਦੀਪਕ ਸ਼ਰਮਾ ਪ੍ਰਧਾਨ ਨਿਰੋਗ ਯੋਗ ਸੰਸਥਾ, ਗੋਪੀ ਸ਼ਾਹਕੋਟ, ਸੀਤਾ ਰਾਮ ਠਾਕੁਰ, ਅਮ੍ਰਿਤ ਲਾਲ ਕਾਕਾ, ਮੱਖਣ ਸਿੰਘ, ਮਨਦੀਪ ਗੋਇਲ,ਪਰਮਜੀਤ ਪੰਮਾ, ਸਮਰ ਬਜਾਜ ਆਦਿ ਮੌਜੂਦ ਸਨ।

ਪ੍ਰਵਾਸੀ ਪੰਜਾਬੀਆਂ ਨੇ ਮਾਨ ਸਰਕਾਰ ਦੇ ਅੰਮ੍ਰਿਤਸਰ ਪ੍ਰਤੀ ਦੋਹਰੇ ਮਾਪਦੰਡਾਂ 'ਤੇ ਚਿੰਤਾ ਪ੍ਰਗਟਾਈ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਫਲਾਈ ਅੰਮ੍ਰਿਤਸਰ ਇਨੀਸ਼ੀਏਟਿਵ ਅਤੇ ਅੰਮ੍ਰਿਤਸਰ ਵਿਕਾਸ ਮੰਚ ਨੇ ਸਾਂਝੇ ਤੌਰ 'ਤੇ ਮਾਨ ਸਰਕਾਰ ਵਲੋਂ ਗੁਰੂ ਕੀ ਨਗਰੀ ਅੰਮ੍ਰਿਤਸਰ ਪ੍ਰਤੀ ਲਗਾਤਾਰ ਕੀਤੇ ਜਾ ਰਹੇ ਵਿਤਕਰੇ 'ਤੇ ਗੰਭੀਰ ਚਿੰਤਾ ਜ਼ਾਹਰ ਕੀਤੀ ਹੈ ਅਤੇ ਇਸ 'ਤੇ ਦੋਹਰੇ ਮਾਪਦੰਡ ਅਪਣਾਉਣ ਦਾ ਦੋਸ਼ ਲਗਾਇਆ ਹੈ। ਇਨੀਸ਼ੀਏਟਿਵ ਦੇ ਗਲੋਬਲ ਕਨਵੀਨਰ ਸਮੀਪ ਸਿੰਘ ਗੁਮਟਾਲਾ ਅਤੇ ਅੰਮ੍ਰਿਤਸਰ ਵਿਕਾਸ ਮੰਚ ਦੇ ਓਵਰਸੀਜ਼ ਸਕੱਤਰ ਅਨੰਤਦੀਪ ਸਿੰਘ ਢਿੱਲੋਂ ਨੇ ਇੱਕ ਸਾਂਝੇ ਬਿਆਨ ਵਿੱਚ ਕਿਹਾ ਕਿ ਵਿਦੇਸ਼ ਵੱਸਦਾ ਪੰਜਾਬੀ ਭਾਈਚਾਰਾ, ਪੰਜਾਬ ਸਰਕਾਰ ਵਲੋਂ ਸੂਬੇ ਦੇ ਸਭ ਤੋਂ ਵੱਡੇ ਅਤੇ ਵਿਅਸਤ ਸ੍ਰੀ ਗੁਰੂ ਰਾਮਦਾਸ ਜੀ ਅੰਤਰਰਾਸ਼ਟਰੀ ਹਵਾਈ ਅੱਡੇ ਨੂੰ ਲਗਾਤਾਰ ਨਜ਼ਰਅੰਦਾਜ਼ ਕਰਨ 'ਤੇ ਬਹੁਤ ਨਿਰਾਸ਼ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵਲੋਂ ਸਿਖਲਾਈ ਲਈ ਸਕੂਲਾਂ ਦੇ ਪ੍ਰਿੰਸੀਪਲਾਂ ਦੇ ਵੱਖ-ਵੱਖ ਵਫਦਾਂ ਨੂੰ ਦਿੱਲੀ ਹਵਾਈ ਅੱਡੇ ਤੋਂ ਸਿੰਗਾਪੁਰ ਭੇਜਿਆ ਜਾ ਰਿਹਾ ਹੈ ਜਦਕਿ ਅੰਮ੍ਰਿਤਸਰ ਦੇ ਅੰਤਰਰਾਸ਼ਟਰੀ ਹਵਾਈ ਅੱਡੇ ਤੋਂ ਸਿੰਗਾਪੁਰ ਏਅਰਲਾਈਨ ਦੀ ਸਕੂਟ ਏਅਰ ਵੱਲੋਂ ਹਫਤੇ ਵਿੱਚ 5 ਦਿਨ ਸਿੰਗਾਪੁਰ ਤੋਂ ਅੰਮ੍ਰਿਤਸਰ ਲਈ ਸਿੱਧੀਆਂ ਉਡਾਣਾਂ ਚਲਾਈਆਂ ਜਾ ਰਹੀਆਂ ਹਨ। ਅਧਿਆਪਕਾਂ ਨੂੰ ਸਿੰਗਾਪੁਰ ਭੇਜਣ ਲਈ ਪਹਿਲਾਂ ਬੱਸਾਂ ਰਾਹੀਂ ਪੰਜਾਬ ਤੋਂ ਦਿੱਲੀ ਹਵਾਈ ਅੱਡੇ ਭੇਜਿਆ ਜਾਂਦਾ ਹੈ, ਜੇਕਰ ਉਨਾਂ ਨੂੰ ਸੂਬੇ ਦੇ ਅੰਮ੍ਰਿਤਸਰ ਹਵਾਈ ਅੱਡੇ ਤੋਂ ਭੇਜਿਆ ਜਾਵੇ ਤਾਂ ਉਨ੍ਹਾਂ ਦੀ ਖੱਜਲ-ਖੁਆਰੀ ਵੀ ਘੱਟ ਹੋਵੇਗੀ ਅਤੇ ਖਰਚਾ ਵੀ ਘੱਟ ਆਵੇਗਾ। ਅੰਮ੍ਰਿਤਸਰ ਦੇ ਜੰਮਪਲ ਅਤੇ ਹੁਣ ਅਮਰੀਕਾ ਅਤੇ ਕੈਨੇਡਾ ਵੱਸਦੇ ਪ੍ਰਵਾਸੀ ਪੰਜਾਬੀ ਗੁਮਟਾਲਾ ਅਤੇ ਢਿੱਲੋਂ ਨੇ ਕਿਹਾ ਕਿ ਕਿ ਅਸੀਂ ਅੰਮ੍ਰਿਤਸਰ ਏਅਰਪੋਰਟ, ਸ਼ਹਿਰ ਅਤੇ ਸੂਬੇ ਦੇ ਵਿਕਾਸ ਲਈ ਅਣਥੱਕ ਯਤਨ ਕਰਦੇ ਆ ਰਹੇ ਹਾਂ ਅਤੇ ਸਰਕਾਰ ਵਲੋਂ ਪ੍ਰਿੰਸੀਪਲਾਂ ਨੂੰ ਵਿਦੇਸ਼ ਭੇਜਣ ਲਈ ਵਾਰ-ਵਾਰ ਦਿੱਲੀ ਹਵਾਈ ਅੱਡੇ ਦੀ ਵਰਤੋਂ ਕਰਨ ਦਾ ਫੈਸਲਾ ਸਾਡੇ ਯਤਨਾਂ ਨੂੰ ਵੀ ਕਮਜ਼ੋਰ ਕਰਦਾ ਹੈ। ਇਸ ਨਾਲ ਇਹ ਸਾਬਤ ਹੁੰਦਾ ਹੈ ਕਿ ਮਾਨ ਸਰਕਾਰ ਨਾ ਤਾਂ ਅੰਮ੍ਰਿਤਸਰ ਹਵਾਈ ਅੱਡੇ ਨੂੰ ਤਰਜੀਹ ਦਿੰਦੀ ਹੈ ਅਤੇ ਨਾ ਹੀ ਅੰਮ੍ਰਿਤਸਰ ਦੇ ਬੁਨਿਆਦੀ ਢਾਂਚੇ ਦੇ ਵਿਕਾਸ ਨੂੰ। ਉਨ੍ਹਾਂ ਅੱਗੇ ਜ਼ੋਰ ਦੇ ਕੇ ਕਿਹਾ ਕਿ ਪੰਜਾਬ ਦੇ ਲੋਕ ਵੀ ਹੁਣ ਇਹ ਜਵਾਬ ਮੰਗਦੇ ਹਨ ਕਿ ਕਿਉਂ ਸਰਕਾਰ ਅੰਮ੍ਰਿਤਸਰ ਹਵਾਈ ਅੱਡੇ ਨੂੰ ਨਜ਼ਰਅੰਦਾਜ਼ ਕਰਦਿਆਂ ਦਿੱਲੀ ਹਵਾਈ ਅੱਡੇ ਦਾ ਪੱਖ ਪੂਰਦੀ ਹੈ। ਉਨ੍ਹਾਂ ਨੋਟ ਕੀਤਾ ਕਿ ਜਿੱਥੇ ਪੰਜਾਬ ਸਰਕਾਰ ਹਲਵਾਰਾ ਵਿਖੇ ਹਵਾਈ ਅੱਡਾ ਬਣਾਉਣ, ਰਾਜ ਦੇ ਹੋਰ ਹਵਾਈ ਅੱਡਿਆਂ ਨੂੰ ਵਿਕਸਤ ਕਰਨ, ਚੰਡੀਗੜ੍ਹ ਹਵਾਈ ਅੱਡੇ ਤੋਂ ਨਵੀਆਂ ਉਡਾਣਾਂ ਸ਼ੁਰੂ ਕਰਨ ਲਈ ਏਅਰਲਾਈਨਜ਼ ਨੂੰ ਉਤਸ਼ਾਹਿਤ ਕਰਨ ਅਤੇ ਪੰਜਾਬ ਦੇ ਵੱਖ-ਵੱਖ ਸ਼ਹਿਰਾਂ ਤੋਂ ਦਿੱਲੀ ਹਵਾਈ ਅੱਡੇ ਤੱਕ ਬੱਸ ਸੇਵਾ ਚਲਾਉਣ ਲਈ ਕਈ ਵੱਡੇ ਕਦਮ ਚੁੱਕ ਰਹੀ ਹੈ, ਪਰ ਨਾਲ ਹੀ ਸਰਕਾਰ ਵਲੋਂ ਅੰਮ੍ਰਿਤਸਰ ਹਵਾਈ ਅੱਡੇ ਦੀ ਅਣਗਹਿਲੀ ਸਾਫ ਸਪੱਸ਼ਟ ਹੋ ਰਹੀ ਹੈ। ਗੁਮਟਾਲਾ ਨੇ ਕਿਹਾ ਕਿ ਅੰਮ੍ਰਿਤਸਰ ਬਹੁਤ ਇਤਿਹਾਸਕ ਅਤੇ ਸੱਭਿਆਚਾਰਕ ਮਹੱਤਤਾ ਵਾਲਾ ਸ਼ਹਿਰ ਹੈ। ਅੰਮ੍ਰਿਤਸਰ ਹਵਾਈ ਅੱਡੇ ਨੂੰ ਅੰਮ੍ਰਿਤਸਰ ਸ਼ਹਿਰ ਅਤੇ ਪੰਜਾਬ ਦੇ ਹੋਰਨਾਂ ਸ਼ਹਿਰਾਂ ਨਾਲ ਜੋੜਨ ਵਾਲੀ ਬੱਸ ਸੇਵਾ ਦੀ ਅਣਹੋਂਦ ਲੰਮੇ ਸਮੇਂ ਤੋਂ ਚੱਲੀ ਆ ਰਹੀ ਹੈ। ਇਸ ਤੋਂ ਇਲਾਵਾ ਅੰਮ੍ਰਿਤਸਰ ਵਿੱਚ ਕਈ ਮਹੀਨਿਆਂ ਤੋਂ ਸਥਾਨਕ ਬੀਆਰਟੀਐੱਸ ਸੇਵਾਵਾਂ ਨੂੰ ਮੁਅੱਤਲ ਕਰਨ ਨਾਲ ਸਿਰਫ ਸਥਾਨਕ ਵਸਨੀਕਾਂ ਨੂੰ ਹੀ ਨਹੀਂ ਬਲਕਿ ਬਾਹਰੋਂ ਆ ਰਹੇ ਸੈਲਾਨੀਆਂ ਨੂੰ ਵੀ ਭਾਰੀ ਅਸੁਵਿਧਾ ਹੋ ਰਹੀ ਹੈ।

ਕੰਮ ਦਿਹਾੜੀ ਸਮਾਂ 12 ਨਹੀਂ 6 ਘੰਟੇ ਕੀਤਾ ਜਾਵੇ: ਕਾਮਰੇਡ ਗੁਰਦਿਆਲ/ਬਲਕਾਰ ਵਲਟੋਹਾ

ਫਤਿਆਬਾਦ (ਨਜ਼ਸ)-ਭਾਰਤੀ ਕਮਿਊਨਿਸਟ ਪਾਰਟੀ ਬਲਾਕ ਖਡੂਰ ਸਾਹਿਬ ਵੱਲੋਂ ਪਾਰਟੀ ਦੇ ਸੂਬਾਈ ਸੱਦੇ 'ਤੇ ਮਜ਼ਦੂਰਾਂ ਤੇ ਕਿਸਾਨਾਂ ਦਾ ਇਕੱਠ ਕੀਤਾ ਗਿਆ ਜਿਸ 'ਚ ਗੁਰਚਰਨ ਸਿੰਘ ਕੰਡਾ, ਬਲਦੇਵ ਸਿੰਘ ਧੂੰਦਾ ਤੇ ਰਵਿੰਦਰ ਕੌਰ ਦੀ ਅਗਵਾਈ ਵਿੱਚ ਪੰਜਾਬ ਸਰਕਾਰ ਦਾ ਪੁਤਲਾ ਫੂਕਿਆ ਗਿਆ। ਇਸ ਮੌਕੇ ਇੱਕਠ ਨੂੰ ਸੰਬੋਧਨ ਕਰਦਿਆਂ ਕਮਿਊਨਿਸਟ ਆਗੂ ਗੁਰਦਿਆਲ ਸਿੰਘ ਖਡੂਰ ਸਾਹਿਬ, ਬਲਕਾਰ ਸਿੰਘ ਵਲਟੋਹਾ ਅਤੇ ਬਲਜੀਤ ਸਿੰਘ ਫਤਿਆਬਾਦ ਨੇ ਕਿਹਾ ਕਿ ਮੋਦੀ ਸਰਕਾਰ ਦੇ ਲੋਕ ਵਿਰੋਧੀ ਫੈਸਲੇ ਨੂੰ ਲਾਗੂ ਕਰਦਿਆਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਸਰਮਾਏਦਾਰਾਂ ਨੂੰ ਖੁਸ਼ ਕਰਨ ਲਈ ਕੰਮ ਦਿਹਾੜੀ ਸਮਾਂ 12 ਘੰਟੇ ਕਰਕੇ ਮਜ਼ਦੂਰਾਂ ਤੇ ਕਿਸਾਨਾਂ ਨਾਲ ਧ੍ਰੋਹ ਕੀਤਾ ਹੈ ਜਦੋਂਕਿ ਅੱਜ ਤਕਨੀਕ ਦੇ ਯੁੱਗ ਵਿੱਚ ਕੰਮ ਦਿਹਾੜੀ ਸਮਾਂ 6 ਘੰਟੇ ਕਰਕੇ ਬੇਰੁਜ਼ਗਾਰਾਂ ਨੂੰ ਰੁਜ਼ਗਾਰ ਦੀ ਗਰੰਟੀ ਦੇਣੀ ਚਾਹੀਦੀ ਹੈ। ਉਨ੍ਹਾਂ ਮੰਗ ਕੀਤੀ ਕਿ ਇਹ ਕਿਰਤੀਆਂ ਦੇ ਵਿਰੁੱਧ ਇਹ ਫੈਸਲਾ ਵਾਪਸ ਲਿਆ ਜਾਵੇ। ਉਨ੍ਹਾਂ ਕਿਹਾ ਕਿ ਮਜ਼ਦੂਰਾਂ ਤੇ ਛੋਟੇ ਕਿਸਾਨਾਂ ਦੇ ਬੱਚੇ ਫੈਕਟਰੀਆਂ ਵਿਚ ਤੇ ਹੋਰ ਕੰਪਨੀਆਂ ਰਾਹੀਂ ਕੰਮ ਕਰਦੇ ਹਨ, ਇਸ ਫੈਸਲੇ ਨਾਲ ਮਿਹਨਤਕਸ਼ ਲੋਕਾਂ ਦਾ ਲਹੂ ਪੀਤਾ ਜਾ ਰਿਹਾ ਹੈ। ਉਨ੍ਹਾਂ ਇਹ ਵੀ ਮੰਗ ਕੀਤੀ ਕਿ ਲੋਕ ਹਿੱਤਾਂ ਲਈ ਗੱਲ ਕਰਨ ਵਾਲੇ ਪੱਤਰਕਾਰਾਂ 'ਤੇ ਦਰਜ ਕੀਤਾ ਕੇਸ ਵਾਪਸ ਲਿਆ ਜਾਵੇ। ਉਨ੍ਹਾਂ ਇਹ ਵੀ ਮੰਗ ਕੀਤੀ ਕਿ ਬਾਰ੍ਹਵੀਂ ਤੱਕ ਪੜ੍ਹਦੇ ਕਿਸੇ ਵੀ ਬੱਚੇ ਤੋਂ ਕਿਸੇ ਕਿਸਮ ਦੀ ਕੋਈ ਫੀਸ/ਫੰਡ ਨਾ ਲਿਆ ਜਾਵੇ। ਪੜ੍ਹਾਈ ਬਿਲਕੁਲ ਮੁਫਤ ਕੀਤੀ ਜਾਵੇ। ਬੁਢਾਪਾ ਪੈਨਸ਼ਨ ਹਰ ਇੱਕ ਲਈ ਘੱਟੋ-ਘੱਟ ਦਸ ਹਜ਼ਾਰ ਰੁਪਏ ਦਿੱਤੀ ਜਾਵੇ। ਇਸ ਮੌਕੇ ਉਨ੍ਹਾਂ ਇਹ ਵੀ ਕਿਹਾ ਕਿ ਭਗਵੰਤ ਸਰਕਾਰ ਆਪਣਾ ਲੋਕ ਮਾਰੂ ਫੈਸਲਾ ਵਾਪਸ ਲਵੇ। ਇਸ ਮੌਕੇ ਕੁਲਵੰਤ ਸਿੰਘ ਖਡੂਰ ਸਹਿਬ, ਘੁੱਕ ਸਿੰਘ, ਭਗਵੰਤ ਸਿੰਘ ਵੇਈਂਪੂਈਂ, ਬਲਵਿੰਦਰ ਸਿੰਘ ਭਰੋਵਾਲ, ਸੰਤੋਖ ਸਿੰਘ ਪਿੰਡੀਆ, ਜਸਵੰਤ ਸਿੰਘ ਫ਼ਤਿਆਬਾਦ, ਬਲਬੀਰ ਸਿੰਘ ਧੂੰਦਾ, ਦਲਬੀਰ ਸਿੰਘ ਸ਼ਾਬਕਾ ਪੰਚਾਇਤ ਸੈਕਟਰੀ ਫ਼ਤਿਆਬਾਦ, ਜਸਬੀਰ ਕੌਰ, ਮਨਜੀਤ ਕੌਰ ਫਤਿਆਬਾਦ ਅਤੇ ਮਨਜੀਤ ਕੌਰ ਖਡੂਰ ਸਹਿਬ ਹਾਜ਼ਰ ਸਨ।

ਤਾਇਲੂ ਤੇ ਵੁਸ਼ੂ ਖੇਡ ਮੁਕਾਬਲੇ 'ਚ ਬਾਬਾ ਬੰਦਾ ਸਿੰਘ ਬਹਾਦਰ ਸਕੂਲ ਨੇ ਸੋਨੇ/ਚਾਂਦੀ ਦੇ ਤਮਗੇ ਜਿੱਤੇ

ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਬਾਬਾ ਬੰਦਾ ਸਿੰਘ ਬਹਾਦਰ ਪਬਲਿਕ ਸਕੂਲ ਧਾਰੀਵਾਲ ਵਿਖੇ ਡਾਇਰੈਕਟਰ ਅਮਰਜੀਤ ਸਿੰਘ ਚਾਹਲ ਅਤੇ ਪ੍ਰਿੰ. ਕਿਰਨ ਕੇਸਰ ਦੀ ਯੋਗ ਅਗਵਾਈ ਹੇਠ ਸਕੂਲ ਦੇ ਵਿਦਿਆਰਥੀਆਂ ਨੇ 'ਖੇਡਾਂ ਵਤਨ ਪੰਜਾਬ ਦੀਆਂ 2023' ਦੌਰਾਨ ਹੋ ਰਹੇ ਤਾਇਲੂ ਅਤੇ ਵੁਸ਼ੂ ਖੇਡ ਦੇ ਰਾਜ ਪੱਧਰੀ ਮੁਕਾਬਲਿਆਂ ਵਿੱਚ ਭਾਗ ਲੈ ਕੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਸੋਨੇ ਅਤੇ ਚਾਂਦੀ ਦੇ ਤਮਗੇ ਪ੍ਰਾਪਤ ਕਰਕੇ ਆਪਣੇ ਮਾਤਾ-ਪਿਤਾ ਅਤੇ ਸਕੂਲ ਦਾ ਨਾਮ ਰੌਸ਼ਨ ਕੀਤਾ ਹੈ। ਇਸ ਸਬੰਧੀ ਡਾਇਰੈਕਟਰ ਅਮਰਜੀਤ ਸਿੰਘ ਚਾਹਲ ਅਤੇ ਪ੍ਰਿੰ. ਕਿਰਨ ਕੇਸਰ ਨੇ ਦੱਸਿਆ ਇਹ ਟੂਰਨਾਮੈਂਟ ਖੇਡਾਂ ਅਤੇ ਯੁਵਕ ਸੇਵਾਵਾਂ ਵਿਭਾਗ ਪੰਜਾਬ ਦੁਆਰਾ ਖੇਡਾਂ ਵਤਨ ਪੰਜਾਬ ਦੀਆਂ 2023 ਦੇ ਰਾਜ ਪੱਧਰੀ ਆਧਾਰ ਤੇ ਵੱਖ-ਵੱਖ ਉਮਰ ਵਰਗ ਦੇ ਮੁਕਾਬਲਿਆਂ ਵਿੱਚ ਬਾਬਾ ਬੰਦਾ ਸਿੰਘ ਬਹਾਦਰ ਸਕੂਲ ਦੇ 12 ਵਿਦਿਆਰਥੀਆਂ ਭਾਗ ਲਿਆ ਗਿਆ ਜਿਨ੍ਹਾਂ ਵਿੱਚੋਂ 7 ਵਿਦਿਆਰਥੀਆਂ ਨੇ ਸੋਨੇ ,ਚਾਂਦੀ ਅਤੇ ਕਾਂਸੇ ਦੇ ਤਮਗੇ ਪ੍ਰਾਪਤ ਕਰਕੇ ਆਪਣੇ ਮਾਪਿਆਂ ਤੇ ਸਕੂਲ ਦਾ ਨਾਮ ਰੌਸ਼ਨ ਕੀਤਾ। ਜੇਤੂ ਵਿਦਿਆਰਥੀਆਂ ਦਾ ਸਕੂਲ ਪਹੁੰਚਣ ਤੇ ਸਕੂਲ ਦੇ ਪ੍ਰਿੰ. ਕਿਰਨ ਕੇਸਰ ਅਤੇ ਸਮੂਹ ਸਟਾਫ ਵੱਲੋਂ ਸ਼ਾਨਦਾਰ ਸਵਾਗਤ ਕੀਤਾ ਗਿਆ। ਪ੍ਰਿੰ. ਕਿਰਨ ਕੇਸਰ ਨੇ ਦੱਸਿਆ ਟੂਰਨਾਮੈਂਟ ਦੌਰਾਨ ਗੁਰਪ੍ਰੀਤ ਸਿੰਘ (ਅੰਡਰ 14) ਅਤੇ ਅੰਸ਼ਪ੍ਰੀਤ ਸਿੰਘ (ਅੰਡਰ 17) ਨੇ ਸੋਨ ਤਮਗਾ। ਜੋਹਨ ਮਸੀਹ ਅਤੇ ਏਕਮ ਪ੍ਰੀਤ ਸਿੰਘ (ਅੰਡਰ 14) ਨੇ ਚਾਂਦੀ ਦਾ ਤਮਗਾ। ਗੁਰਮਨਪ੍ਰੀਤ ਸਿੰਘ (ਅੰਡਰ 17) ਅਤੇ ਤਕਸ਼ਿਲ ਬੇਦੀ (ਅੰਡਰ 14) ਨੇ ਕਾਂਸੇ ਦਾ ਤਮਗਾ ਹਾਸਲ ਕੀਤਾ। ਸਕੂਲ ਪ੍ਰਿੰ. ਕਿਰਨ ਕੇਸਰ ਨੇ ਖੁਸ਼ੀ ਪ੍ਰਗਟ ਕਰਦਿਆਂ ਦੱਸਿਆ ਕਿ ਪਹਿਲਾਂ ਜ਼ਿਲ੍ਹਾ ਪੱਧਰ ਤੇ ਇਨ੍ਹਾਂ ਵਿਦਿਆਰਥੀਆਂ ਦੁਆਰਾ ਸ਼ਾਨਦਾਰ ਪ

19-oct-PAGE-4-2.qxd 10/18/2023 10:55 PM Page 1

ਨਵਾਂ ਜ਼ਮਾਨਾ
ਵੀਰਵਾਰ, 19 ਅਕਤੂਬਰ 2023

ਨਸਲਘਾਤ

ਗਾਜ਼ਾ ਵਿਚ ਈਸਾਈ ਮਿਸ਼ਨਰੀ ਵੱਲੋਂ ਸੰਚਾਲਤ ਅਲ ਅਹਲੀ ਅਰਬ ਹਸਪਤਾਲ 'ਤੇ ਮੰਗਲਵਾਰ ਹੋਏ ਹਮਲੇ 'ਚ 500 ਤੋਂ ਵੱਧ ਲੋਕਾਂ ਦੇ ਮਾਰੇ ਜਾਣ ਤੋਂ ਬਾਅਦ ਦੁਨੀਆ ਭਰ ਵਿਚ, ਖਾਸ ਤੌਰ 'ਤੇ ਅਰਬ ਦੇਸ਼ਾਂ ਵਿਚ ਗੁੱਸਾ ਫੈਲ ਗਿਆ ਹੈ। ਇੱਥੋਂ ਤੱਕ ਕਿ ਅਮਰੀਕਾ ਤੇ ਇਜ਼ਰਾਈਲੀ ਦੇ ਯਾਰ ਹਾਕਮਾਂ ਦੇ ਦੇਸ਼ ਬਹਿਰੀਨ ਵਿਚ ਵੀ 'ਅਮਰੀਕਾ ਮੁਰਦਾਬਾਦ' ਤੇ 'ਇਜ਼ਰਾਈਲ ਮੁਰਦਾਬਾਦ' ਦੇ ਨਾਅਰੇ ਲੱਗ ਰਹੇ ਹਨ। ਇਜ਼ਰਾਈਲੀ ਡਿਫੈਂਸ ਫੋਰਸ (ਆਈ ਡੀ ਐੱਫ) ਨੇ ਦਾਅਵਾ ਕੀਤਾ ਹੈ ਕਿ ਹਮਲਾ ਉਸ ਨੇ ਨਹੀਂ ਕੀਤਾ, ਸਗੋਂ ਹਮਾਸ ਹਮਾਇਤੀ ਅਲ ਜਿਹਾਦ ਗਰੁੱਪ ਦਾ ਰਾਕਟ ਹਸਪਤਾਲ 'ਤੇ ਡਿੱਗਾ। ਉਸ ਨੇ ਇਹ ਦਾਅਵਾ ਵੀ ਕੀਤਾ ਹੈ ਕਿ ਜੇ ਇਜ਼ਰਾਈਲ ਨੇ ਬੰਬਾਰੀ ਕੀਤੀ ਹੁੰਦੀ ਤਾਂ ਉਥੇ ਟੋਆ ਪਿਆ ਹੋਣਾ ਸੀ, ਜਿਹੜਾ ਕਿ ਡਰੋਨ ਵੱਲੋਂ ਲਈਆਂ ਤਸਵੀਰਾਂ 'ਚ ਕਿਤੇ ਨਜ਼ਰ ਨਹੀਂ ਆਉਂਦਾ। ਇਜ਼ਰਾਈਲ ਨੇ ਇਸ ਨਸਲਘਾਤ ਦਾ ਸਾਰਾ ਦੋਸ਼ ਹਮਾਸ 'ਤੇ ਮੜ੍ਹਿਆ ਹੈ। ਆਈ ਡੀ ਐੱਫ ਦੇ ਬੁਲਾਰੇ ਡੈਨੀਅਲ ਹਗਾਰੀ ਨੇ ਕਿਹਾ— ਸ਼ਾਮ ਸਵਾ 6 ਵਜੇ ਇਜ਼ਰਾਈਲ ਵੱਲੋਂ ਰਾਕਟਾਂ ਦੀ ਬੁਛਾੜ ਕੀਤੀ ਗਈ। ਸ਼ਾਮ 6.50 ਵਜੇ ਕਬਰਿਸਤਾਨ ਤੋਂ ਇਸਲਾਮਿਕ ਜਿਹਾਦ ਵੱਲੋਂ 10 ਰਾਕਟ ਦਾਗੇ ਗਏ। ਸ਼ਾਮ 6.59 ਵਜੇ ਹਸਪਤਾਲ ਵਿਚ ਧਮਾਕੇ ਦੀਆਂ ਖਬਰਾਂ ਆਈਆਂ। ਇਸਲਾਮਿਕ ਜਿਹਾਦ ਨੇ ਆਪਣੀ ਗਲਤੀ ਲੁਕੋਣ ਲਈ ਦੁਨੀਆ ਭਰ ਵਿਚ ਇਹ ਗੱਲ ਫੈਲਾਅ ਦਿੱਤੀ ਕਿ ਹਮਲਾ ਇਜ਼ਰਾਈਲ ਨੇ ਕੀਤਾ ਹੈ।

ਇਜ਼ਰਾਈਲ ਦਾ ਝੂਠ ਇੱਥੋਂ ਹੀ ਫੜਿਆ ਜਾਂਦਾ ਹੈ ਕਿ ਇਕ ਪਾਸੇ ਉਹ ਕਹਿ ਰਿਹਾ ਹੈ ਕਿ ਇਸਲਾਮਿਕ ਜਿਹਾਦ ਨੇ 6.50 ਵਜੇ ਰਾਕਟ ਦਾਗੇ, ਜਦਕਿ ਹਸਪਤਾਲ 'ਤੇ ਹਮਲਾ 6.59 ਵਜੇ ਹੋਇਆ। ਹਫਤੇ ਤੋਂ ਵੱਧ ਸਮੇਂ ਤੋਂ ਫਲਸਤੀਨੀਆਂ ਦਾ ਨਾਮੋ-ਨਿਸ਼ਾਨ ਮਿਟਾਉਣ ਲਈ ਹਮਲੇ ਕਰ ਰਹੇ ਇਜ਼ਰਾਈਲ ਦੇ ਇਸ ਦਾਅਵੇ ਦੀ ਪੋਲ ਬੀ ਬੀ ਸੀ ਦੇ ਰਿਪੋਰਟਰ ਰੁਸ਼ਦੀ ਅਬੂ ਅਲੌਫ ਦੀ ਬੀ ਬੀ ਸੀ ਦੀ ਵੈੱਬਸਾਈਟ 'ਤੇ ਮੌਜੂਦ ਇਹ ਰਿਪੋਰਟ ਵੀ ਚੰਗੀ ਤਰ੍ਹਾਂ ਖੋਲ੍ਹ ਦਿੰਦੀ ਹੈ। ਉਸ ਨੇ ਲਿਖਿਆ—ਮੰਗਲਵਾਰ ਤਿੰਨ ਵਜੇ ਮੈਂ ਬੀ ਬੀ ਸੀ ਟੀ ਵੀ ਨਿਊਜ਼ 'ਤੇ ਲਾਈਵ ਹੋਣ ਦੀ ਤਿਆਰੀ ਕਰ ਰਿਹਾ ਸੀ, ਉਸੇ ਸਮੇਂ ਮੇਰੀ ਪਤਨੀ ਦਾ ਫੋਨ ਆਇਆ। ਉਹ ਰੋ ਰਹੀ ਸੀ, ਬੱਚਿਆਂ ਦੇ ਰੋਣ ਦੀ ਵੀ ਆਵਾਜ਼ ਆ ਰਹੀ ਸੀ। ਉਨ੍ਹਾਂ ਨੂੰ ਉਹ ਅਪਾਰਟਮੈਂਟ ਛੱਡਣ ਲਈ ਕਿਹਾ ਗਿਆ ਸੀ, ਜਿਸ ਵਿਚ ਅਸੀਂ ਰਹਿ ਰਹੇ ਸੀ। ਉਨ੍ਹਾਂ ਨੂੰ ਚਿਤਾਵਨੀ ਦਿੱਤੀ ਗਈ ਸੀ ਕਿ ਇਜ਼ਰਾਈਲੀ ਹਵਾਈ ਫੌਜ ਅਗਲੀ ਬਿਲਡਿੰਗ 'ਤੇ ਬੰਬਾਰੀ ਕਰਨ ਵਾਲੀ ਹੈ। ਮੈਂ ਪਤਨੀ ਨੂੰ ਕਿਹਾ ਕਿ ਉਹ ਬੱਚਿਆਂ ਨੂੰ ਲੈ ਕੇ ਉਥੋਂ ਤੁਰੰਤ ਨਿਕਲ ਜਾਵੇ। ਮੈਂ ਆਪਣੇ ਸਾਥੀ ਮਹਿਮੂਦ ਨੂੰ ਮਦਦ ਲਈ ਫੋਨ ਕੀਤਾ। ਗਾਜ਼ਾ ਵਿਚ ਪੰਜ ਦਿਨਾਂ ਤੋਂ ਦੂਜੀ ਵਾਰ ਮੇਰਾ ਪਰਵਾਰ ਬੰਬਾਰੀ ਤੋਂ ਬਚਣ ਲਈ ਭੱਜ ਰਿਹਾ ਸੀ। ਅਜੇ ਸ਼ੁੱਕਰਵਾਰ ਸਾਨੂੰ ਗਾਜ਼ਾ ਸ਼ਹਿਰ ਵਿਚ ਪਿਛਲਾ ਘਰ ਛੱਡਣਾ ਪਿਆ ਸੀ, ਜਦ ਇਜ਼ਰਾਈਲੀਆਂ ਨੇ ਉੱਤਰੀ ਗਾਜ਼ਾ ਵਿਚ ਸਾਰਿਆਂ ਨੂੰ ਸੁਰੱਖਿਆ ਲਈ ਦੱਖਣ ਵੱਲ ਜਾਣ ਲਈ ਕਿਹਾ ਸੀ। ਮੈਂ ਆਪਣੇ ਸਹੁਰੇ, ਪਤਨੀ, ਉਸ ਦੀ ਭੈਣ ਤੇ ਉਨ੍ਹਾਂ ਦੇ ਪਰਵਾਰਾਂ ਨਾਲ ਦੱਖਣੀ ਇਲਾਕੇ ਖਾਨ ਯੂਨਿਸ ਸ਼ਹਿਰ ਵੱਲ ਚੱਲ ਪਏ। ਨਵਾਂ ਟਿਕਾਣਾ ਲੱਭਣਾ ਅਸਾਨ ਨਹੀਂ ਸੀ। ਚਾਰ ਲੱਖ ਲੋਕਾਂ ਦੀ ਪਹਿਲਾਂ ਹੀ ਭੀੜ-ਭਾੜ ਵਾਲਾ ਖਾਨ ਯੂਨਿਸ 10 ਲੱਖ ਤੋਂ ਵੱਧ ਲੋਕਾਂ ਨਾਲ ਭਰ ਚੁੱਕਾ ਸੀ। ਆਖਰ ਸਾਨੂੰ ਇਕ ਘਰ ਮਿਲਿਆ, ਜਿੱਥੇ ਉਸ ਦੇ ਮਾਲਕ ਨੇ ਸਾਨੂੰ ਦੂਜੇ ਪਰਵਾਰ ਨਾਲ ਰਹਿਣ ਲਈ ਪਨਾਹ ਦਿੱਤੀ। ਅਸੀਂ ਸੋਚਿਆ ਕਿ ਉਥੇ ਇਕ ਬੇਕਰੀ ਤੇ ਫਾਰਮੇਸੀ ਹੈ। ਬਹੁਤ ਸਾਰੇ ਲੋਕ ਰਹਿ ਰਹੇ, ਇਥੇ ਅਸੀਂ ਸੁਰੱਖਿਅਤ ਰਹਾਂਗੇ। ਇਸ ਬਿਲਡਿੰਗ ਦੇ ਹੋਰਨਾਂ ਪਰਵਾਰਾਂ ਨਾਲ ਮਿਲ ਕੇ ਅਸੀਂ ਪਾਣੀ ਤੇ ਭੋਜਨ ਲੱਭਣ ਵਿਚ ਇਕ-ਦੂਜੇ ਦੀ ਮਦਦ ਕੀਤੀ, ਪਰ ਤਦੇ ਬਿਲਡਿੰਗ ਮਾਲਕ ਨੇ ਆ ਕੇ ਦੱਸਿਆ ਕਿ ਉਸ ਨੂੰ ਇਕ ਫੋਨ ਆਇਆ ਸੀ। ਫੋਨ ਕਰਨ ਵਾਲੇ ਨੇ ਖੁਦ ਨੂੰ ਇਜ਼ਰਾਈਲੀ ਫੌਜੀ ਦੱਸਿਆ। ਉਸ ਨੇ ਮਾਲਕ ਦੇ ਨਾਂਅ ਦੀ ਪੜਤਾਲ ਕੀਤੀ ਤੇ ਕਿਹਾ ਕਿ ਬਿਲਡਿੰਗ ਖਾਲੀ ਕਰ ਦਿਓ, ਕਿਉਂਕਿ ਨਾਲ ਦੀ ਬਿਲਡਿੰਗ (ਸਿਰਫ ਇਕ ਮੀਟਰ ਦੂਰ) ਤਬਾਹ ਹੋਣ ਵਾਲੀ ਹੈ। ਗਾਜ਼ਾ ਵਿਚ ਇਹ ਜਾਣਨਾ ਨਾਮੁਮਕਿਨ ਹੈ ਕਿ ਇਜ਼ਰਾਈਲ ਕਦੋਂ ਬੰਬਾਰੀ ਕਰੇਗਾ। ਪੰਜ ਮਿੰਟ ਵਿਚ ਜਾਂ ਅਗਲੇ ਦਿਨ। ਮੈਂ ਪਰਵਾਰ ਨੂੰ ਭਰੋਸਾ ਦਿੰਦਿਆਂ ਕਿਹਾ ਕਿ ਉਹ 700 ਮੀਟਰ ਦੀ ਦੂਰੀ 'ਤੇ ਰੈੱਡ ਕਰਾਸ ਹਸਪਤਾਲ ਵਿਚ ਚਲੇ ਜਾਣ। ਅਸੀਂ ਹੁਣ ਫਿਰ ਬੇਘਰ ਹਾਂ। (ਜਿਸ ਹਸਪਤਾਲ 'ਤੇ ਹਮਲਾ ਹੋਇਆ, ਉਹ ਨੇੜੇ ਹੀ ਸੀ।)

ਸੰਯੁਕਤ ਰਾਸ਼ਟਰ ਵਿਚ ਫਲਸਤੀਨੀ ਰਾਜਦੂਤ ਰਿਆਦ ਮਨਸੂਰ ਨੇ ਇਜ਼ਰਾਈਲੀ ਦਾਅਵਿਆਂ ਦਾ ਜ਼ੋਰਦਾਰ ਖੰਡਨ ਕਰਦਿਆਂ ਕਿਹਾ— ਨੇਤਨਯਾਹੂ (ਇਜ਼ਰਾਈਲੀ ਪ੍ਰਧਾਨ ਮੰਤਰੀ) ਝੂਠੇ ਹਨ। ਉਨ੍ਹਾ ਦੇ ਡਿਜੀਟਲ ਬੁਲਾਰੇ ਨੇ ਟਵੀਟ ਕੀਤਾ ਸੀ ਕਿ ਇਜ਼ਰਾਈਲ ਨੇ ਹਮਲਾ ਇਹ ਸੋਚ ਕੇ ਕੀਤਾ ਕਿ ਹਸਪਤਾਲ ਦੇ ਨੇੜੇ-ਤੇੜੇ ਹਮਾਸ ਦਾ ਬੇਸ ਹੈ ਅਤੇ ਫਿਰ ਟਵੀਟ ਹਟਾ ਦਿੱਤਾ। ਸਾਡੇ ਕੋਲ ਟਵੀਟ ਦੀ ਕਾਪੀ ਹੈ। ਹੁਣ ਫਲਸਤੀਨੀਆਂ 'ਤੇ ਦੋਸ਼ ਮੜ੍ਹਨ ਦੀ ਕੋਸ਼ਿਸ਼ ਕਰਨ ਲਈ ਕਹਾਣੀ ਬਦਲ ਦਿੱਤੀ ਹੈ। ਇਜ਼ਰਾਈਲੀ ਫੌਜ ਦੇ ਬੁਲਾਰੇ ਨੇ ਵੀ ਪਹਿਲਾਂ ਬਿਆਨ ਦਿੱਤਾ ਸੀ ਕਿ ਹਸਪਤਾਲਾਂ ਨੂੰ ਖਾਲੀ ਕਰ ਦਿਓ। ਉਨ੍ਹਾਂ ਦਾ ਇਰਾਦਾ ਹਸਪਤਾਲ ਖਾਲੀ ਕਰਾਉਣਾ ਸੀ ਜਾਂ ਹਸਪਤਾਲਾਂ 'ਤੇ ਹਮਲਾ ਕਰਨਾ। ਉਹ ਇਸ ਅਪਰਾਧ ਲਈ ਜ਼ਿੰਮੇਵਾਰ ਹਨ ਤੇ ਇਸ ਤੋਂ ਬਚਣ ਲਈ ਕਹਾਣੀਆਂ ਨਹੀਂ ਘੜ ਸਕਦੇ।

ਪਾਣੀ ਦੇ ਹੱਕ ਦਾ ਸਵਾਲ

ਸਤਲੁਜ-ਯਮੁਨਾ ਲਿੰਕ (ਐੱਸ. ਵਾਈ. ਐੱਲ.) ਨਹਿਰ ਦੀ ਉਸਾਰੀ ਬਾਰੇ ਪੰਜਾਬ, ਹਰਿਆਣਾ 'ਚ ਹਾਹਾਕਾਰ ਮਚੀ ਹੋਈ ਹੈ। ਭਾਰਤ ਦੀ ਸੁਪਰੀਮ ਕੋਰਟ ਵੱਲੋਂ ਇਸ ਨਹਿਰ ਦੇ ਨਿਰਮਾਣ ਦਾ ਸਰਵੇਖਣ ਕਰਨ ਲਈ ਹੁਕਮ ਜਾਰੀ ਕੀਤੇ ਹਨ। ਪੰਜਾਬ ਦੀਆਂ ਸਿਆਸੀ ਪਾਰਟੀਆਂ ਐੱਸ. ਵਾਈ. ਐੱਲ. ਦੀ ਉਸਾਰੀ ਅਤੇ ਦਰਿਆਵਾਂ ਦੇ ਪਾਣੀਆਂ 'ਤੇ ਸਿਆਸਤ ਕਰਨ ਤੋਂ ਖੁੰਝ ਨਹੀਂ ਰਹੀਆਂ।

ਜਿਸ ਦਰਿਆਈ ਪਾਣੀ ਅਤੇ ਐੱਸ. ਵਾਈ. ਐੱਲ. ਨਿਰਮਾਣ ਦਾ ਮਸਲਾ ਵੱਡੀ ਚਰਚਾ ਦਾ ਵਿਸ਼ਾ ਹੈ, ਉਸ ਨੂੰ ਸਮਝਣ ਅਤੇ ਇਸ ਸੰਬੰਧੀ ਕੀਤੀ ਸਿਆਸਤ ਦੀਆਂ ਪਰਤਾਂ ਫਰੋਲਣ ਦੀ ਲੋੜ ਹੈ।

ਬਿਆਸ ਹਿਮਾਚਲ ਵਿੱਚੋਂ ਨਿਕਲਦਾ ਹੈ ਤੇ ਪੰਜਾਬ 'ਚ ਦਾਖ਼ਲ ਹੁੰਦਾ ਹੈ, ਇਸ ਤਰ੍ਹਾਂ ਜੇ ਸਮਝੀਏ ਅਤੇ 1955 ਦੇ ਮੌਲਿਕ ਕਾਨੂੰਨ ਨੂੰ ਘੋਖੀਏ ਤਾਂ ਉਸ ਅਨੁਸਾਰ ਇਸ ਪਾਣੀ ਬਾਰੇ ਝਗੜਾ ਵੀ ਜੇ ਹੋ ਸਕਦਾ ਹੈ ਤਾਂ ਹਿਮਾਚਲ ਪ੍ਰਦੇਸ਼ ਅਤੇ ਪੰਜਾਬ ਵਿਚਕਾਰ ਹੋ ਸਕਦਾ ਹੈ, ਹਰਿਆਣਾ ਜਾਂ ਰਾਜਸਥਾਨ ਨਾਲ ਨਹੀਂ।

ਪਰ ਜਨਵਰੀ 1955 ਵਿੱਚ ਮੌਕੇ ਦੇ ਕੇਂਦਰੀ ਮੰਤਰੀ ਗੁਲਜਾਰੀ ਲਾਲ ਨੰਦਾ ਵੱਲੋਂ ਪੰਜਾਬ ਤੇ ਰਾਜਸਥਾਨ ਵਿਚਕਾਰ ਰਾਵੀ ਤੇ ਬਿਆਸ ਦੇ ਪਾਣੀਆਂ ਸੰਬੰਧੀ ਇਕ ਸਮਝੌਤਾ ਕਰਵਾ ਦਿੱਤਾ ਗਿਆ। ਉਸ ਸਮੇਂ ਕੁਲ ਪਾਣੀ 15.58 ਐੱਮ. ਏ. ਐੱਫ. ਉਪਲੱਬਧ ਸੀ ਇਸ ਵਿੱਚ 8 ਐੱਮ. ਏ. ਐੱਫ. ਪਾਣੀ ਰਾਜਸਥਾਨ, 0.65 ਐੱਮ. ਏ. ਐੱਫ. ਜੰਮੂ ਕਸ਼ਮੀਰ ਨੂੰ ਅਤੇ 72 ਐੱਮ. ਏ. ਐੱਫ. ਪਾਣੀ ਪੰਜਾਬ ਅਤੇ ਪੈਪਸੂ ਨੂੰ ਦਿੱਤਾ ਗਿਆ।

ਪੰਜਾਬ 1966 'ਚ ਵੰਡਿਆ ਗਿਆ। ਇਸ ਵਿੱਚੋਂ ਹਰਿਆਣਾ ਬਣਿਆ। ਹਰਿਆਣਾ ਖੇਤਰ 'ਚ ਕੋਈ ਦਰਿਆ ਨਹੀਂ ਸੀ। 1976 'ਚ ਐਮਰਜੈਂਸੀ ਵੇਲੇ ਕੇਂਦਰ ਸਰਕਾਰ ਨੇ ਪਾਣੀਆਂ ਦੀ ਵੰਡ ਲਈ ਹੁਕਮ ਜਾਰੀ ਕੀਤੇ ਅਤੇ ਐੱਸ. ਵਾਈ. ਐੱਲ. ਬਣਾਉਣ ਦਾ ਹੁਕਮ ਦਿੱਤਾ। ਹਰਿਆਣਾ ਸਰਕਾਰ ਇਸ 'ਤੇ ਅਮਲ ਕਰਾਉਣ ਲਈ ਸੁਪਰੀਮ ਕੋਰਟ ਗਈ।

ਪੰਜਾਬ ਸਰਕਾਰ ਨੇ ਆਪਣਾ ਪੱਖ ਪੇਸ਼ ਕੀਤਾ। 1981 ਵਿੱਚ ਮੌਕੇ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਪੰਜਾਬ, ਹਰਿਆਣਾ, ਰਾਜਸਥਾਨ ਦੇ ਮੁੱਖ ਮੰਤਰੀਆਂ 'ਚ ਪਾਣੀ ਦੀ ਵੰਡ ਬਾਰੇ ਸਮਝੌਤਾ ਕਰਵਾ ਦਿੱਤਾ। ਇਹਨਾਂ ਸਾਰੀਆਂ ਸਰਕਾਰਾਂ ਨੇ ਸੁਪਰੀਮ ਕੋਰਟ 'ਚੋਂ ਕੇਸ ਵਾਪਸ ਲੈ ਲਏ। ਸਾਲ 1982 'ਚ ਇੰਦਰਾ ਗਾਂਧੀ ਨੇ ਐੱਸ. ਵਾਈ. ਐੱਲ. ਦਾ ਉਦਘਾਟਨ ਕੀਤਾ ਅਤੇ ਸ਼੍ਰੋਮਣੀ ਅਕਾਲੀ ਦਲ ਤੇ ਸੀ. ਪੀ. ਐੱਮ. ਨੇ ਇਸ ਨਹਿਰ ਦੀ ਉਸਾਰੀ ਵਿਰੁੱਧ ਮੋਰਚਾ ਲਾ ਦਿੱਤਾ, ਜਿਸ ਦੇ ਸਿੱਟੇ ਪੰਜਾਬ ਸੂਬੇ ਨੂੰ ਭੁਗਤਣੇ ਪਏ।

1985 'ਚ ਰਾਜੀਵ-ਲੌਂਗੋਵਾਲ ਸਮਝੌਤੇ ਵਿੱਚ ਪਾਣੀਆਂ ਦੀ ਵੰਡ ਦਾ ਮੁੱਦਾ ਵੀ ਸ਼ਾਮਲ ਸੀ, ਜਿਸ ਦੇ ਆਧਾਰ 'ਤੇ ਕਾਨੂੰਨ 'ਚ ਸੋਧ ਹੋਈ। ਇਰਾਡੀ ਕਮਿਸ਼ਨ ਬਣਿਆ। ਇਸ ਕਮਿਸ਼ਨ ਨੇ 1955 ਦੇ ਸਮਝੌਤੇ, 1976 ਦੇ ਕੇਂਦਰ ਦੇ ਫੈਸਲੇ ਅਤੇ 1981 ਦੇ ਸਮਝੌਤੇ ਨੂੰ ਕਾਨੂੰਨੀ ਕਰਾਰ ਦਿੱਤਾ ਅਤੇ 2004 ਵਿੱਚ ਪੰਜਾਬ ਵਿਧਾਨ ਸਭਾ ਨੇ ਪੰਜਾਬ ਟਰਮੀਨੇਸ਼ਨ ਆਫ਼ ਐਮਰੀਮੈਂਟਸ ਐਕਟ ਪਾਸ ਕਰ ਦਿੱਤਾ। ਜਿਸ ਤਹਿਤ ਸਾਰੇ ਸਮਝੌਤੇ ਰੱਦ ਕਰ ਦਿੱਤੇ ਗਏ। ਇਹ ਬਿੱਲ ਰਾਸ਼ਟਰਪਤੀ ਨੇ ਸੁਪਰੀਮ ਕੋਰਟ ਨੂੰ ਭੇਜਿਆ। 2016 ਵਿੱਚ ਸੁਪਰੀਮ ਕੋਰਟ ਨੇ ਪੰਜਾਬ ਵਿਧਾਨ ਸਭਾ ਦੇ ਇਸ ਬਿੱਲ ਨੂੰ ਗੈਰਕਾਨੂੰਨੀ ਕਰਾਰ ਦੇ ਦਿੱਤਾ।

ਗੁਰਮੀਤ ਸਿੰਘ ਪਲਾਹੀ

ਇੱਥੇ ਗੱਲ ਨੋਟ ਕਰਨ ਵਾਲੀ ਹੈ ਕਿ ਅਣਵੰਡੇ ਪੰਜਾਬ ਨੂੰ ਯਮੁਨਾ ਦੇ ਪਾਣੀ ਦੀ ਵਰਤੋਂ ਦਾ ਹੱਕ ਸੀ, ਪਰ ਉਹ ਸਾਰਾ ਪਾਣੀ ਹਰਿਆਣਾ ਨੂੰ ਮਿਲ ਗਿਆ ਹੈ ਅਤੇ ਪਾਣੀ ਦੀ ਗੱਲਬਾਤ ਵੇਲੇ ਇਸ ਪਹਿਲੂ ਨੂੰ ਕਦੇ ਛੋਹਿਆ ਹੀ ਨਹੀਂ ਗਿਆ। ਪਿਛਲੇ 37 ਸਾਲਾਂ ਵਿੱਚ ਕਿਸੇ ਵੀ ਸਿਆਸੀ ਆਗੂ ਨੇ ਸਰਕਾਰ ਜਾਂ ਕਿਸੇ ਜਨਤਕ ਮੰਚ 'ਤੇ ਇਹ ਮੁੱਦਾ ਕਦੇ ਵੀ ਪੂਰੀ ਗੰਭੀਰਤਾ ਨਾਲ ਨਹੀਂ ਉਠਾਇਆ।

ਸਾਰੇ ਸਿਆਸਤਦਾਨ ਤੇ ਪਾਰਟੀਆਂ ਪਾਣੀ ਦੇ ਮੁੱਦੇ ਉੱਤੇ ਰਿਪੇਅਰੀਅਨ ਕਾਨੂੰਨ ਦੇ ਨੇਮ ਦੀ ਗੱਲ ਕਰਦੇ ਹਨ, ਪਰ ਇਹ ਕਾਨੂੰਨ ਨਾ ਤਾਂ ਭਾਰਤ ਦੇ ਸੰਵਿਧਾਨ 'ਚ ਦਰਜ ਹੈ ਅਤੇ ਨਾ ਹੀ ਸੰਯੁਕਤ ਰਾਸ਼ਟਰ ਦੀ ਰਹਿਨੁਮਾਈ 'ਚ ਘੜੇ ਗਏ ਕੌਮੀ ਜਾਂ ਕੌਮਾਂਤਰੀ ਨੇਮਾਂ 'ਚ, ਵਾਟਰਸ਼ੈੱਡ ਨਦੀ ਖੇਤਰ ਜਿਸ ਨੂੰ ਡਰੇਨੇਜ ਖੇਤਰ ਆਖਦੇ ਹਨ, ਅੰਦਰ ਹੀ ਪਾਣੀ ਦੀ ਵਰਤੋਂ ਦੇ ਨੇਮ ਨੂੰ ਪਹਿਲ ਦਿੰਦੇ ਹਨ। ਸਿਆਸਤਦਾਨ ਤਾਂ ਬੱਸ ਵੋਟਾਂ ਦੀ ਪ੍ਰਾਪਤੀ ਲਈ ਹੀ ਪਾਣੀਆਂ ਦੇ ਮਸਲੇ ਦੀ ਗੱਲ ਕਰਦੇ ਹਨ, ਚੋਣਾਂ ਤੋਂ ਬਾਅਦ ਜਾਂ ਹਾਕਮ ਬਣ ਕੇ ਫਿਰ ਚੁੱਪੀ ਸਾਧ ਲੈਂਦੇ ਹਨ। ਆਖਰ ਪੂਰੀ ਜਾਣਕਾਰੀ ਅਤੇ ਇਮਾਨਦਾਰੀ ਨਾਲ ਪੰਜਾਬ ਦੇ ਕੇਸ ਦੀ ਪੈਰਵੀ ਕੌਣ ਕਰੇਗਾ?

ਪਿਛਲੇ ਦਿਨੀਂ ਕਾਵੇਰੀ ਨਦੀ ਪਾਣੀ ਬਟਵਾਰੇ ਨੂੰ ਲੈ ਕੇ ਕਰਨਾਟਕ ਅਤੇ ਤਾਮਿਲਨਾਡੂ ਦੇ ਵਿਚਕਾਰ ਇਕ ਵਾਰ ਫੇਰ ਵਿਵਾਦ ਭਖਿਆ। ਪਾਣੀ ਦੀ ਮੰਗ ਨੂੰ ਲੈ ਕੇ ਸਤੰਬਰ ਦੇ ਆਖਰੀ ਹਫ਼ਤੇ ਬੰਗਲੌਰ ਨੂੰ ਬੰਦ ਰੱਖਿਆ ਗਿਆ ਅਤੇ ਬਾਅਦ 'ਚ ਸੰਪੂਰਨ ਕਰਨਾਟਕ ਬੰਦ ਹੋਇਆ। ਹਾਲਾਂਕਿ ਦੋਹਾਂ ਸੂਬਿਆਂ 'ਚ ਇਹ ਝਗੜਾ ਨਵਾਂ ਨਹੀਂ ਹੈ। ਲੱਗਭੱਗ 150 ਸਾਲ ਪੁਰਾਣਾ ਹੈ। ਕੁਝ ਸਮਿਆਂ 'ਤੇ ਇਸ ਝਗੜੇ ਨੇ ਨਫ਼ਰਤੀ ਮਾਹੌਲ ਪੈਦਾ ਕੀਤਾ।

ਸਾਲ 1991 'ਚ ਕੱਨੜ ਸਮਰਥਕ ਸੰਗਠਨਾਂ ਨੇ ਬੰਗਲੌਰ ਵਿੱਚ ਤਾਮਿਲਾਂ ਦੀ ਪੂਰੀ ਬਸਤੀ ਅੱਗ ਲਾ ਕੇ ਸਾੜ ਦਿੱਤੀ। ਭੀੜ ਨੂੰ ਕਾਬੂ ਕਰਨ ਲਈ ਪੁਲਸ ਨੂੰ ਗੋਲੀ ਚਲਾਉਣੀ ਪਈ। ਇਕ ਹੀ ਦੇਸ਼ ਵਿੱਚ ਦੋ ਸੂਬਿਆਂ ਦੇ ਨਾਗਰਿਕਾਂ ਵਿਚਕਾਰ ਡਰ ਅਤੇ ਦੁਸ਼ਮਣੀ ਦਾ ਮਾਹੌਲ ਬਣ ਗਿਆ। ਸੀ। ਇਸੇ ਕਿਸਮ ਦਾ ਮਾਹੌਲ ਕਈ ਵੇਰ ਹਰਿਆਣਾ ਅਤੇ ਪੰਜਾਬ ਦੇ ਲੋਕਾਂ 'ਚ ਸਿਆਸਤਦਾਨਾਂ ਨੇ ਪੈਦਾ ਕਰਨ ਦਾ ਯਤਨ ਕੀਤਾ।

ਕਵੇਰੀ ਨਦੀ ਦੱਖਣੀ ਭਾਰਤ ਦੀ ਨਦੀ ਹੈ। ਇਸ ਨਦੀ ਨਾਲ ਸੰਬੰਧਤ ਦੋਨਾਂ ਰਾਜਾਂ ਵਿਚਕਾਰ ਇਕ ਸਮਝੌਤਾ 1892 'ਚ ਹੋਇਆ। ਇਸ ਮੁਤਾਬਿਕ ਕਰਨਾਟਕ, ਕੇਰਲ, ਤਾਮਿਲਨਾਡੂ ਅਤੇ ਪਾਂਡੂਚਰੀ ਨੂੰ ਮਿਲਣ ਵਾਲੇ ਪਾਣੀ ਦੀ ਮਾਤਰਾ ਤਹਿ ਹੋਈ। ਸਾਲ 1924 'ਚ ਫਿਰ ਸਮਝੌਤਾ ਹੋਇਆ ਕਰਨਾਟਕ ਅਤੇ ਤਾਮਿਲਨਾਡੂ ਵਿਚਕਾਰ, ਪਰ ਕਰਨਾਟਕ ਨੇ ਇਹਨਾਂ ਜਲ ਸ਼ਾਹਾਂ ਦੀ ਉਸਾਰੀ ਕਰ ਦਿੱਤੀ।

ਉਪਰੰਤ 1960 ਵਿੱਚ ਕਰਨਾਟਕ ਨੇ ਕੁਵੇਰੀ ਦੇ ਉਪਰਲੇ ਹਿੱਸੇ 'ਚ ਚਾਰ ਜਲਸ਼ਾਹ ਬਣਾਉਣ ਦਾ ਪ੍ਰਸਤਾਵ ਕੇਂਦਰ ਨੂੰ ਭੇਜਿਆ, ਪਰ ਕੇਂਦਰ ਨੇ ਇਹ ਰੱਦ ਕਰ ਦਿੱਤਾ। ਇੰਜ 1924 'ਚ ਹੋਇਆ ਸਮਝੌਤਾ 1974 'ਚ ਰੱਦ ਹੋ ਗਿਆ। ਪਾਣੀ ਦਾ ਵਿਵਾਦ ਚੱਲਦਾ ਰਿਹਾ, ਸਾਲ 1991 ਦੀ 25 ਜੂਨ ਨੂੰ ਕੇਂਦਰ ਸਰਕਾਰ ਨੇ ਨਿਰਦੇਸ਼ ਜਾਰੀ ਕੀਤਾ ਕਿ ਕਰਨਾਟਕ ਸਰਕਾਰ ਇਕ ਸਾਲ ਦੇ ਅੰਦਰ ਤਾਮਿਲਨਾਡੂ ਨੂੰ 5.8 ਲੱਖ ਕਰੋੜ ਲਿਟਰ ਪਾਣੀ ਜਾਰੀ ਕਰੇ। ਉਸ ਸਮੇਂ ਕਰਨਾਟਕ 'ਚ ਬੰਗਰੱਪਾ ਸਰਕਾਰ ਸੀ। ਉਸ ਨੇ ਇਸ ਹੁਕਮ ਦੇ ਖ਼ਿਲਾਫ਼ ਵਿਧਾਨ ਸਭਾ ਕਰਨਾਟਕ 'ਚ ਮਤਾ ਲਿਆਂਦਾ ਅਤੇ ਪਾਸ ਕਰਵਾਇਆ, ਪਰ ਸੁਪਰੀਮ ਕੋਰਟ 'ਚ ਇਹ ਮਤਾ ਰੱਦ ਹੋ ਗਿਆ। ਇਸ ਨਾਲ ਪੂਰੇ ਕਰਨਾਟਕ 'ਚ ਪ੍ਰਦਰਸ਼ਨ ਹੋਏ।

ਸਾਲ 2007 ਵਿੱਚ ਕਵੇਰੀ ਪਾਣੀ ਵਿਵਾਦ ਕਮਿਸ਼ਨ ਨੇ ਤਾਮਿਲਨਾਡੂ ਨੂੰ 41.92 ਫੀਸਦੀ, ਕਰਨਾਟਕ ਨੂੰ 27.68 ਫੀਸਦੀ, ਕੇਰਲ ਨੂੰ 12 ਫੀਸਦੀ ਅਤੇ ਪਾਂਡੂਚਰੀ ਨੂੰ 7.68 ਫੀਸਦੀ ਪਾਣੀ ਉਹਨਾਂ ਦੀਆਂ ਲੋੜਾਂ ਪੂਰੀਆਂ ਕਰਨ ਲਈ ਨਿਰਣਾ ਦਿੱਤਾ ਗਿਆ, ਪਰ ਕਰਨਾਟਕ ਨੇ ਸੰਨ 2012 'ਚ ਇਹ ਦਲੀਲ ਦਿੱਤੀ ਕਿ ਰਾਜ ਵ

19-OCT-PAGE-5.qxd 10/18/2023 10:36 PM Page 1

ਘਰਾਂ ਮੂਹਰੇ ਗੰਦੇ ਪਾਣੀ ਦੀ ਨਿਕਾਸੀ ਨਾ ਹੋਣ ਕਾਰਨ ਬਣਿਆ ਛੱਪੜ, ਕੀਤੀ ਨਾਅਰੇਬਾਜ਼ੀ

ਤਪਾ ਮੰਡੀ (ਅਰੁਣ ਗੋਇਲ)

ਬਾਜ਼ੀਗਰ ਬਸਤੀ ਦੀ ਇੱਕ ਗਲੀ 'ਚ ਘਰਾਂ ਮੂਹਰੇ ਖੜ੍ਹੇ ਗੰਦੇ ਪਾਣੀ ਤੋਂ ਪ੍ਰੇਸ਼ਾਨ ਬਸਤੀ ਨਿਵਾਸੀਆਂ ਨੇ ਨਗਰ ਕੌਂਸਲ ਖਿਲਾਫ ਰੋਸ ਪ੍ਰਗਟ ਕਰਨ ਦਾ ਸਮਾਚਾਰ ਪ੍ਰਾਪਤ ਹੋਇਆ ਹੈ।

ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਮੁਖਤਿਆਰੋ ਦੇਵੀ, ਸੁਖੂ ਰਾਮ, ਦੁਖੀ ਰਾਮ, ਕਰਮ ਚੰਦ, ਸੁਖੋ ਦੇਵੀ, ਮੁਕੋ, ਨਰਾਇਣ ਦਾਸ ਦਾ ਕਹਿਣਾ ਹੈ ਕਿ ਲਗਾਤਾਰ ਤਿੰਨ ਦਿਨ ਪਈ ਬਾਰਿਸ਼ ਦੇ ਪਾਣੀ ਦੀ ਨਿਕਾਸੀ ਨਾ ਹੋਣ ਕਾਰਨ ਨਾਲੀਆਂ ਓਵਰਫਲੋ ਹੋ ਕੇ ਗਲੀਆਂ ਨੇ ਛੱਪੜ ਦਾ ਰੂਪ ਧਾਰਨ ਕਰ ਲਿਆ ਹੈ, ਉਥੇ ਰਾਹਗੀਰਾਂ ਨੂੰ ਪੈਦਲ ਲੰਘਣ 'ਚ ਮੁਸ਼ਕਲਾਂ 'ਚ ਪਾ ਦਿੱਤਾ ਅਤੇ ਨਾ ਹੀ ਘਰਾਂ 'ਚੋਂ ਬੱਚੇ ਬਾਹਰ ਆ ਸਕਦੇ ਹਨ ਅਗਰ ਆਉਣਗੇ ਤਾਂ ਗੰਦੇ ਪਾਣੀ ਵਿੱਚੋਂ ਦੀ ਲੰਘਣਾ ਪਵੇਗਾ। ਇਸ ਖੜ੍ਹੇ ਗੰਦੇ ਪਾਣੀ ਨਾਲ ਭੈੜੀ ਬਦਬੂ ਮਾਰ ਰਹੀ ਹੈ ਜਿਸ ਕਾਰਨ ਘਰਾਂ 'ਚ ਬੈਠਣਾ ਮੁਸ਼ਕਲ ਹੋਇਆ ਪਿਆ ਹੈ ਅਤੇ ਮੱਛਰ ਮੱਖੀਆਂ ਭਿਣਕ ਰਹੀਆਂ ਜੋ ਬਿਮਾਰੀਆਂ ਨੂੰ ਸੱਦਾ ਦੇ ਰਹੀਆਂ ਹਨ।

ਉਨ੍ਹਾਂ ਦੱਸਿਆ ਕਿ ਇਥੇ ਪਾਣੀ ਖੜ੍ਹਨ ਦਾ ਮੁੱਖ ਕਾਰਨ ਇਹ ਹੈ ਕਿ ਨਗਰ ਕੌਂਸਲ ਨੇ ਅੱਗੇ-ਪਿੱਛੇ ਇੰਟਰਲਾਕਿੰਗ ਟਾਈਲਾਂ ਉਚੀਆਂ ਲਗਾ ਦਿੱਤੀਆਂ ਅਤੇ ਵਿਚਕਾਰੋਂ ਨੀਵਾਂ ਰੱਖਣ ਕਾਰਨ ਗੰਦਾ ਪਾਣੀ ਖੜ੍ਹ ਜਾਂਦਾ ਹੈ ਜਿਸ ਕਾਰਨ ਆਉਣ-ਜਾਣ ਵਾਲਿਆਂ ਨੂੰ ਭਾਰੀ ਮੁਸ਼ਕਲਾਂ ਖੜ੍ਹੀਆਂ ਹੋ ਗਈਆਂ ਹਨ। ਉਨ੍ਹਾਂ ਮੰਗ ਕੀਤੀ ਹੈ ਕਿ ਸਮੱਸਿਆ ਨੂੰ ਹੱਲ ਕਰਕੇ ਗੰਦੇ ਪਾਣੀ ਦੀ ਨਿਕਾਸੀ ਦਾ ਪ੍ਰਬੰਧ ਕੀਤਾ ਜਾਵੇ।

ਪੰਜਾਬ ਕਿਸਾਨ ਯੂਨੀਅਨ ਵੱਲੋਂ ਓਜੀਵਨ ਬੈਂਕ ਦਾ ਘਿਰਾਓ ਭਲਕੇ

ਮਾਨਸਾ (ਪਮਾਰ)-ਤਲਵੰਡੀ ਅਕਲੀਆ ਦੇ ਕਿਸਾਨ ਦੀ ਪਤਨੀ ਦੇ ਬੈਂਕ ਲੋਨ ਮਾਮਲੇ ਵਿੱਚ ਓਜੀਵਨ ਬੈਂਕ ਤੋਂ ਐਨ ਓ ਸੀ ਲੈਣ ਲਈ ਪੰਜਾਬ ਕਿਸਾਨ ਯੂਨੀਅਨ ਵੱਲੋਂ ਬੈਂਕ ਅੱਗੇ ਸੰਕੇਤਕ ਧਰਨਾ ਦਿੱਤਾ ਗਿਆ। ਸਵੇਰ ਤੋਂ ਸ਼ਾਮ ਤੱਕ ਦਿੱਤੇ ਧਰਨੇ ਦੌਰਾਨ ਬੈਂਕ ਮੈਨੇਜਰ ਵੱਲੋਂ ਆਗੂਆਂ ਨੂੰ ਤਸੱਲੀਬਖਸ਼ ਜੁਆਬ ਨਹੀਂ ਦਿੱਤਾ ਗਿਆ ਤਾਂ ਜਥੇਬੰਦੀ ਵੱਲੋਂ ਮਜਬੂਰਨ 20 ਅਕਤੂਬਰ ਨੂੰ ਬੈਂਕ ਦੇ ਘਿਰਾਓ ਦਾ ਐਲਾਨ ਕਰ ਦਿੱਤਾ ਗਿਆ।

ਆਗੂਆਂ ਕਿਹਾ ਕਿ ਜਿੱਥੇ ਹੀ ਦੇਸ ਭਰ ਵਿੱਚ ਹੋਰ ਜਨਤਕ ਅਦਾਰਿਆਂ ਦਾ ਪ੍ਰਾਈਵੇਟਕਰਨ ਕੀਤਾ ਗਿਆ ਹੈ, ਉਥੇ ਹੀ ਬੈਂਕਾਂ ਦਾ ਨਿੱਜੀਕਰਨ ਵੀ ਵਧਿਆ ਹੈ। ਉਨ੍ਹਾਂ ਕਿਹਾ ਕਿ ਅਜਿਹੇ ਪ੍ਰਾਈਵੇਟ ਬੈਂਕਾਂ ਵੱਲੋਂ ਔਰਤਾਂ ਨੂੰ ਗਰੁੱਪ ਲੋਨ ਦੇਣਾ, ਇਕੱਲੇ ਵਿਅਕਤੀ ਲੋਨ ਦੇਣਾ ਜਾਰੀ ਰਹਿੰਦਾ ਹੈ ਤੇ ਕਿਸੇ ਕਾਰਨ ਜੇਕਰ ਕਿਸ਼ਤ ਰੁਕ ਗਈ ਤਾਂ ਬਿਨਾਂ ਮਨੁੱਖੀ ਹਮਦਰਦੀ ਦਾ ਲਿਹਾਜ਼ ਕਰਦਿਆਂ ਸੰਬੰਧਤ ਵਿਅਕਤੀ ਨੂੰ ਲੋਨ ਰਿਕਵਰੀ ਲਈ ਗ਼ਲਤ ਤਰੀਕਿਆਂ ਦੀ ਵਰਤੋਂ ਤਹਿਤ ਜਨਤਕ ਤੌਰ 'ਤੇ ਜ਼ਲੀਲ ਕਰਨਾ, ਗਾਲੀ ਗਲੋਚ, ਮਾਰਕੁੱਟ ਕਰਨਾ ਆਮ ਵਰਤਾਰਾ ਬਣ ਚੁੱਕਾ ਹੈ, ਇਥੋਂ ਤੱਕ ਕਿ ਲੋਨ ਉਗਰਾਹੁਣ ਲਈ ਕਾਲ ਸੈਂਟਰ ਰਾਹੀਂ ਆਲੇ ਦੁਆਲੇ, ਰਿਸ਼ਤੇਦਾਰਾਂ ਨੂੰ ਫੋਨ ਕਰਨੇ, ਮੈਸੇਜ ਕਰਨੇ, ਘਰਾਂ ਦਾ ਸਾਮਾਨ ਉਠਾ ਲਿਆਉਣ ਤੱਕ ਦੀ ਨੌਬਤ ਆ ਪਹੁੰਚਦੀ ਹੈ ਤੇ ਪੁਲਸ ਇਸ ਸਭ ਨੂੰ ਸਿਵਲ ਮੈਟਰ ਕਹਿ ਕੇ ਕਾਰਵਾਈ ਨਾ ਕਰ ਸਕਣ ਦੀ ਮਜਬੂਰੀ ਆਖ ਪੱਲਾ ਝਾੜ ਲੈਂਦੀ ਹੈ। ਮਜਬੂਰਨ ਪੀੜਤ ਵਿਅਕਤੀ ਖੁਦਕੁਸ਼ੀ ਦਾ ਰਸਤਾ ਅਪਣਾ ਲੈਂਦਾ ਹੈ।

ਪਿਛਲੇ ਸਮੇਂ ਦੌਰਾਨ ਸੰਸਦ ਤੱਕ ਇਹ ਮਸਲਾ ਪਹੁੰਚਿਆ ਸੀ ਤੇ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਆਰ ਬੀ ਆਈ ਦੀਆਂ ਗਾਇਡ ਲਾਇਨਜ ਵੀ ਲਾਗੂ ਕਰਨ ਦੀ ਪੇਸ਼ਕਸ਼ ਕੀਤੀ ਸੀ। ਬਾਵਜੂਦ ਇਸਦੇ ਲੋਨ ਰਿਕਵਰੀ ਦੇ ਅਸਿੱਧੇ ਢੰਗਾਂ ਰਾਹੀਂ ਸੰਬੰਧਿਤ ਵਿਅਕਤੀਆਂ ਨੂੰ ਪ੍ਰੇਸ਼ਾਨ ਕਰਨਾ, ਡਿਫਾਲਟਰ ਲਿਖਣਾ, ਬੋਲਣਾ ਜਾਰੀ ਹੈ। ਧਰਨੇ ਨੂੰ ਸੂਬਾ ਆਗੂ ਗੁਰਜੰਟ ਸਿੰਘ ਮਾਨਸਾ, ਜ਼ਿਲ੍ਹਾ ਪ੍ਰਧਾਨ ਰਾਮਫਲ ਚੱਕ ਅਲੀਸ਼ੇਰ, ਜਨਰਲ ਸਕੱਤਰ ਪੰਜਾਬ ਸਿੰਘ ਅਕਲੀਆ, ਸੀਨੀਅਰ ਮੀਤ ਪ੍ਰਧਾਨ ਸੁਰਜੀਤ ਸਿੰਘ ਕੋਟਧਰਮੂ, ਜ਼ਿਲ੍ਹਾ ਪ੍ਰੈਸ ਸਕੱਤਰ ਨਰਿੰਦਰ ਕੌਰ ਬੁਰਜ ਹਮੀਰਾ, ਝੁਨੀਰ ਬਲਾਕ ਪ੍ਰਧਾਨ ਅਮਰੀਕ ਸਿੰਘ ਕੋਟ ਧਰਮੂ, ਮਜ਼ਦੂਰ ਮੁਕਤੀ ਮੋਰਚੇ ਦੇ ਆਗੂ ਬਲਵਿੰਦਰ ਘਰਾਂਗਣਾ ਨੇ ਸੰਬੋਧਨ ਕੀਤਾ। ਇਸ ਸਮੇਂ ਬਿੱਕਰ ਸਿੰਘ ਦਾਨੇਵਾਲ ਨੇ ਸਟੇਜ ਸੰਚਾਲਨ ਕੀਤਾ।

ਸਵਾਈਟ ਕਾਲਜ ਬਨੂੜ 'ਚ ਰੰਗਲਾ ਪੰਜਾਬ ਯੂਥ ਫੈਸਟੀਵਲ ਦਾ ਸ਼ੁੱਭ ਆਰੰਭ

ਰਾਜਪੁਰਾ (ਰਮੇਸ਼ ਕਟਾਰੀਆ)-ਸਵਾਈਟ ਕਾਲਜ ਬਨੂੜ ਵਿੱਚ ਆਈ ਕੇ ਜੀ ਪੀ ਟੀ ਯੂ ਦੇ ਸਾਊਥ ਜ਼ੋਨ ਦੇ ਰੰਗਲਾ ਪੰਜਾਬ ਯੂਥ ਫੈਸਟੀਵਲ ਦਾ ਸ਼ੁਭ ਆਰੰਭ ਕੀਤਾ ਗਿਆ ਜਿਸ ਵਿੱਚ ਗਿੱਧਾ, ਕਲਾਸੀਕਲ ਡਾਂਸ, ਫੋਕ ਡਾਂਸ, ਰੰਗੋਲੀ, ਮਹਿੰਦੀ, ਕਲੇ ਮਾਡਲਿੰਗ ਪੇਂਟਿੰਗ, ਮੀਮ, ਫੇਸ ਪੇਂਟਿੰਗ ਅਤੇ ਸਵਾਲ ਜਵਾਬ ਮੁਕਾਬਲੇ ਕਰਵਾਏ ਗਏ। ਇਸ ਤੋਂ ਇਲਾਵਾ ਸ਼ਬਦ ਗਾਇਣ, ਭਜਨ ਗਾਇਨ, ਇੰਡੀਅਨ ਸੌਂਗ ਦਾ ਮੁਕਾਬਲਾ ਕਰਵਾਇਆ ਗਿਆ। ਅੱਜ ਦੇ ਇਸ ਪ੍ਰੋਗਰਾਮ ਦਾ ਆਯੋਜਨ ਸਵਾਮੀ ਵਿਵੇਕਾਨੰਦ ਗਰੁੱਪ ਵਿੱਚ ਗਰੁੱਪ ਦੇ ਚੇਅਰਮੈਨ ਅਸ਼ਵਨੀ ਗਰਗ, ਪ੍ਰੈਜ਼ੀਡੈਂਟ ਅਸ਼ੋਕ ਗਰਗ ਅਤੇ ਡਾ. ਸਮੀਰ ਸ਼ਰਮਾ ਅਸਿਸਟੈਂਟ ਡਾਇਰੈਕਟਰ ਯੂਥ ਅਫੇਅਰਸ ਆਈ.ਕੇ.ਜੀ.ਪੀ.ਟੀ.ਯੂ., ਡਾ. ਪ੍ਰਤੀਕ ਗਰਗ ਪ੍ਰਿੰਸੀਪਲ, ਡਾਇਰੈਕਟਰ ਅਕਾਦਮਿਕ ਸਾਹਿਲ ਗਰਗ, ਡਾਇਰੈਕਟਰ ਪਲਾਨਿੰਗ ਵਿਸ਼ਾਲ ਗਰਗ ਅਤੇ ਹੋਰ ਅਧਿਕਾਰੀਆਂ ਦੁਆਰਾ ਕੀਤਾ ਗਿਆ। ਅੱਜ ਦੇ ਪ੍ਰੋਗਰਾਮ ਅਖੀਰ ਵਿੱਚ ਗਿੱਧੇ ਸਮੇਤ ਹੋਰ ਬਾਕੀ ਮੁਕਾਬਲਿਆਂ ਵਿੱਚ ਜੇਤੂ ਟੀਮਾਂ ਨੂੰ ਇਨਾਮ ਵੰਡੇ ਗਏ। ਇਹ ਰੰਗਲਾ ਪੰਜਾਬ ਯੂਥ ਫੈਸਟੀਵਲ ਅਜੇ ਦੋ ਦਿਨ ਹੋਰ ਚੱਲੇਗਾ।

ਵੈਲਡਿੰਗ ਕਰਦੇ ਸਮੇਂ ਟੈਂਕੀ ਫਟਣ ਨਾਲ ਮੌਤ

ਗੁਰੂਹਰਸਹਾਏ/ਫਿਰੋਜ਼ਪੁਰ (ਮਨਦੀਪ ਸਿੰਘ ਸੋਢੀ/ਅਸ਼ੋਕ ਸ਼ਰਮਾ)-ਗੁਰੂਹਰਸਹਾਏ ਕੁਟੀ ਮੋੜ ਵਿਖੇ ਤੇਲ ਵਾਲੀ ਟੈਂਕੀ ਫ਼ਟਣ ਨਾਲ ਇਕ ਵਿਅਕਤੀ ਦੀ ਮੌਕੇ 'ਤੇ ਮੌਤ ਹੋ ਜਾਣ ਦੀ ਖ਼ਬਰ ਪ੍ਰਾਪਤ ਹੋਈ ਹੈ। ਜਾਣਕਾਰੀ ਅਨੁਸਾਰ ਕੁਟੀ ਮੋੜ 'ਤੇ ਖੇਤੀਬਾੜੀ ਦੇ ਸੰਦਾਂ ਵਾਲੀ ਦੁਕਾਨ 'ਤੇ ਇਕ ਵਿਅਕਤੀ ਤੇਲ ਵਾਲੀ ਟੈਂਕੀ ਨੂੰ ਵੈਲਡਿੰਗ ਕਰ ਰਿਹਾ ਸੀ ਤਾਂ ਟੈਂਕੀ ਵਿਚ ਗੈਸ ਬਣਨ ਨਾਲ ਟੈਂਕੀ ਫਟ ਗਈ। ਜਿਸ ਨਾਲ ਵੈਲਡਿੰਗ ਕਰ ਰਹੇ ਵਿਅਕਤੀ ਦੀ ਮੌਕੇ 'ਤੇ ਹੀ ਮੌਤ ਹੋ ਗਈ । ਮ੍ਰਿਤਕ ਦੀ ਪਛਾਣ ਸ਼ਿੰਦਰ ਸਿੰਘ ਪੁੱਤਰ ਨਿਰੰਜਨ ਸਿੰਘ ਵਾਸੀ ਕੁਟੀ ਮੋੜ ਗੁਰੂਹਰਸਹਾਏ ਵਜੋਂ ਹੋਈ ਹੈ।

ਸਟੇਟ ਬੈਂਕ ਆਫ਼ ਇੰਡੀਆ ਵੱਲੋਂ ਸਿਵਲ ਹਸਪਤਾਲ ਨੂੰ ਲੱਖਾਂ ਦਾ ਸਮਾਨ ਦਾਨ

ਸਰਦੂਲਗੜ੍ਹ (ਅਵਤਾਰ ਜਟਾਣਾ)-ਸਿਵਲ ਹਸਪਤਾਲ ਵਿਖੇ ਸਟੇਟ ਬੈਂਕ ਆਫ਼ ਇੰਡੀਆ ਵੱਲੋਂ ਮਰੀਜ਼ਾਂ ਦੀ ਭਲਾਈ ਲਈ ਦੋ ਲੱਖ ਰੁਪਏ ਤੋਂ ਜ਼ਿਆਦਾ ਦਾ ਸਮਾਨ ਡੋਨੇਟ ਕੀਤਾ ਗਿਆ। ਬ੍ਰਾਂਚ ਸਰਦੂਲਗੜ੍ਹ ਦੇ ਚੀਫ਼ ਮੈਨੇਜਰ ਰਾਜੀਵ ਚੋਪੜਾ ਵੱਲੋਂ ਸਮਾਨ ਡੋਨੇਟ ਕੀਤਾ ਗਿਆ। ਇਸ ਮੌਕੇ ਜ਼ਿਲ੍ਹਾ ਟੀਕਾਕਰਨ ਅਫ਼ਸਰ ਮਾਨਸਾ ਡਾਕਟਰ ਅਰਸ਼ਦੀਪ ਸਿੰਘ ਨੇ ਬੈਂਕ ਵੱਲੋਂ ਮਰੀਜ਼ਾਂ ਦੀ ਭਲਾਈ ਲਈ ਦਿੱਤੇ ਗਏ ਸਮਾਨ ਦੀ ਸ਼ਲਾਘਾ ਕੀਤੀ। ਬ੍ਰਾਂਚ ਸਰਦੂਲਗੜ੍ਹ ਦੇ ਚੀਫ਼ ਮੈਨੇਜਰ ਰਾਜੀਵ ਚੋਪੜਾ ਨੇ ਕਿਹਾ ਕਿ ਬੈਂਕ ਦੇ ਹੈੱਡ ਆਫ਼ਿਸ ਵੱਲੋਂ ਸਮੇਂ-ਸਮੇਂ 'ਤੇ ਮਨੁੱਖਤਾ ਦੀ ਭਲਾਈ ਲਈ ਸਮਾਜ ਸੇਵਾ ਦੀ ਲੜੀ ਤਹਿਤ ਡੋਨੇਸ਼ਨ ਦਿੱਤੀ ਜਾਂਦੀ ਹੈ। ਸੀਨੀਅਰ ਮੈਡੀਕਲ ਅਫ਼ਸਰ ਡਾਕਟਰ ਵੇਦ ਪ੍ਰਕਾਸ਼ ਸੰਧੂ ਵੱਲੋਂ ਦੱਸਿਆ ਗਿਆ ਕਿ ਬੈਂਕ ਵੱਲੋਂ ਜਿੱਥੇ 2 ਲੱਖ ਤੋਂ ਵੱਧ ਹੋਰ ਸਮਾਨ ਜਿਵੇਂ ਕਾਊਂਟਰ ਟੇਬਲ ਤੇ ਮਰੀਜ਼ਾਂ ਦੇ ਬੈਠਣ ਲਈ ਕੁਰਸੀਆਂ ਵੀ ਦਿੱਤੀਆਂ ਗਈਆਂ। ਉਨ੍ਹਾਂ ਕਿਹਾ ਕਿ ਜ਼ਿਆਦਾਤਰ ਸਮਾਨ ਨੱਕ, ਕੰਨ, ਗਲੇ ਦੇ ਰੋਗਾਂ ਦਾ ਇਲਾਜ ਤੇ ਅਪ੍ਰੇਸ਼ਨ ਕਰਨ ਲਈ ਦਿੱਤਾ ਗਿਆ ਹੈ।

ਇਜ਼ਰਾਈਲ ਤੇ ਹਮਾਸ ਦੀ ਜੰਗ ਰੋਕਣ ਲਈ ਸੰਯੁਕਤ ਰਾਸ਼ਟਰ ਦਖਲ ਦੇਵੇ : ਬਾਬਾ ਬਲਬੀਰ ਸਿੰਘ

ਤਲਵੰਡੀ ਸਾਬੋ (ਜਗਦੀਪ ਗਿੱਲ)-ਨਿਹੰਗ ਸਿੰਘਾਂ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਪੰਜਵਾਂ ਤਖ਼ਤ ਦੇ 14ਵੇਂ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਨੇ ਵੱਖ-ਵੱਖ ਦੇਸ਼ਾਂ ਵਿੱਚ ਲੱਗੀ ਜੰਗ 'ਤੇ ਚਿੰਤਾ ਜ਼ਾਹਰ ਕਰਦਿਆਂ ਕਿਹਾ ਕਿ ਮਨੁੱਖਤਾ ਨੂੰ ਤਬਾਹ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਇਜ਼ਰਾਈਲ-ਹਮਾਸ ਜੰਗ ਤਬਾਹਕੁੰਨ ਪੜਾਅ ਵਿੱਚ ਪਹੁੰਚ ਚੁਕੀ ਹੈ। ਦੋਵੇਂ ਦੇਸ਼ ਅਜਿਹੀਆਂ ਕਾਰਵਾਈਆਂ ਕਰ ਰਹੇ ਹਨ, ਜਿਨ੍ਹਾਂ ਨੂੰ ਮਨੁੱਖਤਾ ਵਿਰੁੱਧ ਜੁਰਮ ਕਰਾਰ ਦਿੱਤਾ ਜਾਂਦਾ ਹੈ। ਦੋਹਾਂ ਦੇਸ਼ਾਂ ਦੀ ਜੰਗਬੰਦੀ ਕਰਨ ਲਈ ਸੰਯੁਕਤ ਰਾਸ਼ਟਰ ਨੂੰ ਤੁਰੰਤ ਦਲ ਦੇਣਾ ਚਾਹੀਦਾ ਹੈ। ਬੁੱਢਾ ਦਲ ਦੇ ਸਕੱਤਰ ਦਿਲਜੀਤ ਸਿੰਘ ਬੇਦੀ ਵੱਲੋਂ ਜਾਰੀ ਬਿਆਨ ਵਿੱਚ ਨਿਹੰਗ ਮੁਖੀ ਬਾਬਾ ਬਲਬੀਰ ਸਿੰਘ ਨੇ ਕਿਹਾ ਕਿ ਜਿਸ ਤਰ੍ਹਾਂ ਦੇ ਹਾਲਾਤ ਤੇ ਅਸਾਰ ਸਾਹਮਣੇ ਆ ਰਹੇ ਹਨ, ਉਹ ਮਨੁੱਖਤਾ ਲਈ ਬਹੁਤ ਹੀ ਖਤਰਨਾਕ ਤੇ ਤਬਾਹਕੁੰਨ ਹਨ। ਵੱਡੀ ਪੱਧਰ 'ਤੇ ਇਜ਼ਰਾਈਲ ਤੇ ਹਮਾਸ ਨਾਲ ਵੱਖ-ਵੱਖ ਦੇਸ਼ ਆ ਖੜੇ ਹੋਣ ਦਾ ਦਾਅਵਾ ਕਰ ਰਹੇ ਹਨ, ਇਹ ਤਬਾਹੀ ਤੇ ਬਰੂਦ ਦਾ ਅਸਲ ਵਿੱਚ ਮੰਡੀ ਕਰਨ ਹੋ ਰਿਹਾ ਹੈ। ਮਨੁੱਖਤਾ ਦੀ ਬਲੀ ਦਿੱਤੀ ਜਾ ਰਹੀ ਹੈ। ਉਨ੍ਹਾਂ ਕਿਹਾ ਦੋਹਾਂ ਦੇਸ਼ਾਂ ਦੀ ਲੜਾਈ 'ਚ ਬੇਕਸੂਰ-ਅਨਭੋਲ ਵਾਸੀਆਂ ਦਾ ਕੀ ਕਸੂਰ ਹੈ, ਆਮ ਲੋਕ ਮਿਜ਼ਾਇਲਾਂ ਤੋਪਾਂ ਦੇ ਗੋਲਿਆਂ ਨਾਲ ਉਡਾਏ ਜਾ ਰਹੇ ਹਨ, ਉਨ੍ਹਾਂ ਕਿਹਾ ਇਹ ਵਧਦੀ ਨਫ਼ਰਤ ਦੇ ਚੰਗਿਆੜੇ ਵਿਸ਼ਵ ਯੁੱਧ ਵੱਲ ਵਧ ਰਹੇ ਹਨ।

ਮਾਡਰਨ ਸਕੂਲ ਦੇ ਬੱਚਿਆਂ ਦਾ ਸ਼ਾਨਦਾਰ ਪ੍ਰਦਰਸ਼ਨ

ਭੀਖੀ (ਧਰਮਵੀਰ ਸ਼ਰਮਾ)-ਮਾਡਰਨ ਸੈਕੂਲਰ ਪਬਲਿਕ ਸਕੂਲ ਵੱਲੋਂ ਆਪਣੇ ਨਾਲ ਸਬੰਧਤ ਚਾਰ ਸਕੂਲਾਂ ਦੇ ਅੰਤਰ ਸਕੂਲ ਮੁਕਾਬਲੇ ਡਾ. ਜਗਜੀਤ ਸਿੰਘ ਧੂਰੀ ਦੀ ਅਗਵਾਈ ਹੇਠ ਸ਼ੇਰਗੜ੍ਹ ਚੀਮਾ ਸਕੂਲ ਵਿਖੇ ਕਰਾਏ ਗਏ। ਜਿਸ ਵਿੱਚ ਡਿਪਟੀ ਡਾਇਰੈਕਟਰ ਮੈਡਮ ਗੁਰਵਿੰਦਰ ਕੌਰ ਨੇ ਮੁੱਖ ਮਹਿਮਾਨ ਵੱਜੋਂ ਸ਼ਿਰਕਤ ਕੀਤੀ। ਇਸ ਮੌਕੇ ਪ੍ਰਿੰਸੀਪਲ ਸੁਨੀਲ ਕਦਮ ਧੂਰੀ, ਸੁਖਿੰਦਰ ਕੌਰ ਮਲੇਰਕੋਟਲਾ ਤੇ ਮੈਡਮ ਸੰਦੀਪ ਕੌਰ ਭੀਖੀ ਵਿਸੇਸ਼ ਤੌਰ 'ਤੇ ਪੁੱਜੇ। ਮਾਡਰਨ ਸੈਕੂਲਰ ਪਬਲਿਕ ਸਕੂਲ ਸ਼ੇਰਗੜ੍ਹ ਚੀਮਾ ਦੇ ਪ੍ਰਿੰਸੀਪਲ ਡਾ. ਪੁਨੀਤ ਅਮਨਦੀਪ ਸਿੰਘ ਸੋਹੀ ਨੇ ਸਭ ਨੂੰ ਜੀ ਆਇਆਂ ਕਹਿੰਦਿਆ ਬੱਚਿਆਂ ਦਾ ਮੁਕਾਬਲੇ ਵਿੱਚ ਭਾਗ ਲੈਣ ਲਈ ਸਵਾਗਤ ਕੀਤਾ। ਮਾਡਰਨ ਸੈਕੂਲਰ ਪਬਲਿਕ ਸਕੂਲ ਭੀਖੀ ਦੇ ਵਿਦਿਆਰਥੀਆਂ ਵੱਲੋਂ ਚਰਿੱਤਰ ਚਿਤਰਣ, ਸੋਲੋ ਡਾਂਸ, ਗਰੁੱਪ ਡਾਂਸ, ਘੜਾ ਸਜਾਵਟ, ਕਢਾਈ, ਰੰਗੋਲੀ, ਨਿਊਜ਼ ਪੇਪਰ ਡਿਜ਼ਾਇਨਿੰਗ, ਗਣਿਤ, ਸਮਾਜਿਕ ਸਿੱਖਿਆ, ਸਾਇੰਸ, ਪੰਜਾਬੀ ਸੱਭਿਆਚਾਰ ਅਤੇ ਮਾਡਲਿੰਗ ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ। ਇਸ ਸਕੂਲ ਨੇ ਘੜਾ ਸਜਾਵਟ ਤੇ ਰੰਗੋਲੀ ਵਿੱਚ ਪਹਿਲਾ, ਸਮਾਜਿਕ ਸਿੱਖਿਆ ਮਾਡਲ, ਚਰਿੱਤਰ ਚਿਤਰਣ, ਘੜਾ ਸਜਾਵਟ ਰੰਗੋਲੀ ਪ੍ਰਤੀਯੋਗਿਤਾ ਵਿੱਚ ਦੂਜਾ, ਚਰਿੱਤਰ ਚਿਤਰਣ, ਸੋਲੋ ਡਾਂਸ, ਸਾਇੰਸ ਮਾਡਲ, ਗਰੁੱਪ ਡਾਂਸ ਵਿੱਚ ਤੀਜਾ ਸਥਾਨ ਹਾਸਲ ਕੀਤਾ। ਇਸ ਤੋਂ ਇਲਾਵਾ ਪੰਜਾਬੀ ਸੱਭਿਆਚਾਰ ਤੇ ਮਾਡਲ, ਚਰਿੱਤਰ ਚਿਤਰਣ, ਨਿਊਜ਼ ਪੇਪਰ ਡਿਜਾਇਨਿੰਗ ਤੇ ਗਣਿਤ ਮਾਡਲ ਵਿੱਚ ਭਾਗ ਲੈਣ ਵਾਲੇ ਵਿਦਿਆਰਥੀਆਂ ਨੇ ਕੰਸੋਲੇਸ਼ਨ ਇਨਾਮ ਪ੍ਰਾਪਤ ਕੀਤਾ। ਇਸ ਮੌਕੇ ਸਕੂਲ ਪ੍ਰਿੰਸੀਪਲ ਮੈਡਮ ਸੰਦੀਪ ਕੌਰ ਨੇ ਬੱਚਿਆਂ ਨੂੰ ਆਪਣੀ ਪ੍ਰਤਿਭਾ ਉਜਾਗਰ ਕਰਨ ਲਈ ਅਜਿਹੇ ਮੁਕਾਬਲਿਆਂ ਵਿੱਚ ਭਾਗ ਲੈਣ ਲਈ ਪ੍ਰੇਰਿਤ ਕੀਤਾ।

ਸੀਵਰੇਜ ਬੰਦ ਹੋਣ 'ਤੇ ਮੁਹੱਲਾ ਵਾਸੀਆਂ ਨੇ ਨਾਅਰੇਬਾਜ਼ੀ

ਬਰੇਟਾ (ਗੀਤਵਾਲ)-ਪਿੰਡ ਧਰਮਪੁਰਾ ਰੋਡ 'ਤੇ ਸਥਿਤ ਬਰੇਟਾ ਮੁਹੱਲੇ ਦੇ ਲੋਕਾਂ ਵੱਲੋਂ ਗੰਦੇ ਪਾਣੀ ਦੀ ਨਿਕਾਸੀ ਨਾ ਹੋਣ ਕਾਰਨ ਨਾਅਰੇਬਾਜ਼ੀ ਕਰਕੇ ਪ੍ਰਸ਼ਾਸਨ ਖਿਲਾਫ ਰੋਸ ਜ਼ਾਹਰ ਕੀਤਾ ਗਿਆ। ਇਸ ਸਬੰਧੀ ਮੁਹੱਲਾ ਵਾਸੀ ਲੀਲਾ ਸਿੰਘ, ਬਲਵੀਰ ਕੌਰ, ਸਵਰਨਜੀਤ ਕੌਰ , ਜਸਵੀਰ ਕੌਰ, ਪਰਮਜੀਤ ਕੌਰ, ਕੁਲਵਿੰਦਰ ਕੌਰ ਆਦਿ ਨੇ ਦੱਸਿਆ ਕਿ ਪਿਛਲੇ ਕਈਂ ਦਿਨਾਂ ਤੋਂ ਸੀਵਰੇਜ ਬੰਦ ਹੋਣ ਕਾਰਨ ਅਤੇ ਪਾਣੀ ਦੀ ਨਿਕਾਸੀ ਨਾ ਹੋਣ ਕਾਰਨ ਸਾਰਾ ਪਾਣੀ ਸੜਕ 'ਤੇ ਖਿੱਲਰ ਰਿਹਾ ਹੈ। ਉਨ੍ਹਾਂ ਦੱਸਿਆ ਕਿ ਮੱਛਰ ਹੋਣ ਕਾਰਨ ਲੋਕ ਡੇਂਗੂ ਵਰਗੀਆਂ ਬਿਮਾਰੀਆਂ ਦਾ ਸ਼ਿਕਾਰ ਹੋ ਰਹੇ ਹਨ। ਇਸ ਤੋਂ ਇਲਾਵਾ ਗੰਦਾ ਪਾਣੀ ਪੀਣ ਵਾਲੇ ਪਾਣੀ ਦੀ ਸਪਲਾਈ ਵਿੱਚ ਰਲ ਰਿਹਾ ਹੈ। ਸੜਕ 'ਤੇ ਪਾਣੀ ਖੜ੍

page-6-19-(OCTO)-2023-G-(BV).qxd 10/18/2023 10:54 PM Page 1

ਕਲਾਸੀਫਾਈਡ ਇਸ਼ਤਿਹਾਰ

Public Notice

I, Sukhdev Singh S/o Guljari Ram R/o Vill. Dehrian, P.O. Kukanet, Tehsil & Distt. Hoshiarpur declare that my name written wrongly Sukha and my father's name written Gilli in Revenue Record of Vill. Dehrian Hadd Bast No. 471. According to my Aadhar card my correct name is Sukhdev Singh and father's name Guljari Ram be amended in revenue record of Vill. Dehrian Hadd Bast No. 471.

I, Pawan Verma S/o Rattan Chand R/o H.No. 167, Street No. 3, Bhagatpura, Phagwara, (Kapurthala), have lost original registry Vasika No. 7347 date 20.11.2008, Near Hadiabad, Phagwara on 10.10.2023. If anyone found, kindly contact. 98769-86661

ਅਦਾਲਤੀ ਇਸ਼ਤਿਹਾਰ

ਬਾ-ਅਦਾਲਤ ਸ੍ਰੀ ਕੁਲਵਿੰਦਰ ਸਿੰਘ ਨਾਇਬ ਤਹਿਸੀਲਦਾਰ-ਕਮ-ਏ ਸੀ ਫਸਟ ਗ੍ਰੇਡ, ਨਕੋਦਰ

ਸ੍ਰੀ ਦਲਬੀਰ ਸਿੰਘ ਪੁੱਤਰ ਮਹਿੰਦਰ ਸਿੰਘ ਪੁੱਤਰ ਕਰਤਾਰ ਸਿੰਘ ਵਾਸੀ ਪਿੰਡ ਰਸੂਲਪੁਰ ਖੁਰਦ, ਤਹਿਸੀਲ ਵਾ ਜ਼ਿਲ੍ਹਾ ਜਲੰਧਰ

ਬਨਾਮ

ਆਮ ਪਬਲਿਕ

ਵਿਸ਼ਾ : ਰਿਕਾਰਡ ਮਾਲ ਵਿੱਚ ਨਾਂਅ ਦੀ ਦਰੁਸਤੀ ਕਰਨ ਸੰਬੰਧੀ।

ਸ੍ਰੀ ਦਲਬੀਰ ਸਿੰਘ ਪੁੱਤਰ ਮਹਿੰਦਰ ਸਿੰਘ ਪੁੱਤਰ ਕਰਤਾਰ ਸਿੰਘ ਵਾਸੀ ਪਿੰਡ ਰਸੂਲਪੁਰ ਖੁਰਦ, ਤਹਿਸੀਲ ਵਾ ਜ਼ਿਲ੍ਹਾ ਜਲੰਧਰ ਨੇ ਇੱਕ ਦਰਖਾਸਤ ਸਮੇਤ ਦਸਤਾਵੇਜ਼ੀ ਸਬੂਤ ਪੇਸ਼ ਕਰਦੇ ਹੋਏ ਬੇਨਤੀ ਕੀਤੀ ਹੈ ਕਿ ਮਾਲ ਰਿਕਾਰਡ ਪਿੰਡ ਤਲਵੰਡੀ ਭਰੋਂ, ਤਹਿਸੀਲ ਨਕੋਦਰ ਵਿੱਚ ਉਸ ਦਾ ਨਾਂਅ ਵੀਰ ਸਿੰਘ ਅਤੇ ਬਲਵੀਰ ਸਿੰਘ ਪੁੱਤਰ ਮਹਿੰਦਰ ਸਿੰਘ ਪੁੱਤਰ ਕਰਤਾਰ ਸਿੰਘ ਦਰਜ ਹੈ, ਜੋ ਕਿ ਗਲਤ ਦਰਜ ਹੈ, ਜਦਕਿ ਉਸ ਦਾ ਸਹੀ ਨਾਂਅ ਦਲਬੀਰ ਸਿੰਘ ਪੁੱਤਰ ਮਹਿੰਦਰ ਸਿੰਘ ਪੁੱਤਰ ਕਰਤਾਰ ਸਿੰਘ ਹੈ। ਉਸ ਦੇ ਦਸਤਾਵੇਜ਼ਾਂ ਵਿੱਚ ਉਸ ਦਾ ਨਾਂਅ ਦਲਬੀਰ ਸਿੰਘ ਪੁੱਤਰ ਮਹਿੰਦਰ ਸਿੰਘ ਹੈ। ਦਰਖਾਸਤਕਰਤਾ ਨੇ ਬੇਨਤੀ ਕੀਤੀ ਹੈ ਕਿ ਰਿਕਾਰਡ ਮਾਲ ਪਿੰਡ ਤਲਵੰਡੀ ਭਰੋਂ, ਤਹਿਸੀਲ ਨਕੋਦਰ ਵਿੱਚ ਉਸ ਦੇ ਨਾਂਅ ਦੀ ਦਰੁਸਤੀ ਕੀਤੀ ਜਾਵੇ।

ਇਸ ਇਸ਼ਤਿਹਾਰ ਰਾਹੀਂ ਹਰ ਆਮ ਵਾ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਰਿਕਾਰਡ ਮਾਲ ਪਿੰਡ ਤਲਵੰਡੀ ਭਰੋਂ, ਤਹਿਸੀਲ ਨਕੋਦਰ, ਦਲਬੀਰ ਸਿੰਘ ਪੁੱਤਰ ਮਹਿੰਦਰ ਸਿੰਘ ਪੁੱਤਰ ਕਰਤਾਰ ਸਿੰਘ ਦੇ ਨਾਂਅ ਦੀ ਦਰੁਸਤੀ ਕਰਨ ਵਿੱਚ ਜੇਕਰ ਕਿਸੇ ਵਿਅਕਤੀ ਨੂੰ ਕੋਈ ਇਤਰਾਜ਼ ਹੋਵੇ ਤਾਂ ਉਹ ਅਸਾਲਤਨ / ਵਕਾਲਤਨ ਨਿਮਨ ਹਸਤਾਖਰ ਦੀ ਅਦਾਲਤ ਵਿੱਚ ਮਿਤੀ 30-10-2023 ਤੱਕ ਹਾਜ਼ਰ ਹੋ ਕਰ ਆਪਣਾ ਪੱਖ ਪੇਸ਼ ਕਰ ਸਕਦਾ ਹੈ। ਬਾਅਦ ਗੁਜ਼ਰਨੇ ਮਿਆਦ ਕੋਈ ਵੀ ਉਜ਼ਰ ਨਹੀਂ ਸੁਣਿਆ ਜਾਵੇਗਾ ਅਤੇ ਉਕਤ ਅਨੁਸਾਰ ਰਿਕਾਰਡ ਮਾਲ ਵਿੱਚ ਨਾਂਅ ਦੀ ਦਰੁਸਤੀ ਕਰਨ ਹਿੱਤ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

ਨੋਟਿਸ ਅੱਜ ਮਿਤੀ 09-10-2023 ਨੂੰ ਮੇਰੇ ਹਸਤਾਖਰ ਅਤੇ ਮੋਹਰ ਅਦਾਲਤ ਨਾਲ ਜਾਰੀ ਕੀਤਾ ਗਿਆ।

ਸਹੀ/- ਨਾਇਬ ਤਹਿਸੀਲਦਾਰ, ਨਕੋਦਰ।
ਨੰ. 289/ਰੀਡਰ/-2 ਮਿਤੀ 10/10/23

ਅਦਾਲਤੀ ਇਸ਼ਤਿਹਾਰ

ਬਾ-ਅਦਾਲਤ ਸ੍ਰੀ ਕੁਲਵਿੰਦਰ ਸਿੰਘ ਨਾਇਬ ਤਹਿਸੀਲਦਾਰ-ਕਮ-ਏ ਸੀ ਫਸਟ ਗ੍ਰੇਡ, ਨਕੋਦਰ

ਸ੍ਰੀ ਦਲਬੀਰ ਸਿੰਘ ਪੁੱਤਰ ਮਹਿੰਦਰ ਸਿੰਘ ਪੁੱਤਰ ਕਰਤਾਰ ਸਿੰਘ ਵਾਸੀ ਪਿੰਡ ਰਸੂਲਪੁਰ ਖੁਰਦ, ਤਹਿਸੀਲ ਵਾ ਜ਼ਿਲ੍ਹਾ ਜਲੰਧਰ

ਬਨਾਮ

ਆਮ ਪਬਲਿਕ

ਵਿਸ਼ਾ : ਰਿਕਾਰਡ ਮਾਲ ਵਿੱਚ ਨਾਂਅ ਦੀ ਦਰੁਸਤੀ ਕਰਨ ਸੰਬੰਧੀ।

ਸ੍ਰੀ ਦਲਬੀਰ ਸਿੰਘ ਪੁੱਤਰ ਮਹਿੰਦਰ ਸਿੰਘ ਪੁੱਤਰ ਕਰਤਾਰ ਸਿੰਘ ਵਾਸੀ ਪਿੰਡ ਰਸੂਲਪੁਰ ਖੁਰਦ, ਤਹਿਸੀਲ ਵਾ ਜ਼ਿਲ੍ਹਾ ਜਲੰਧਰ ਨੇ ਇੱਕ ਦਰਖਾਸਤ ਸਮੇਤ ਦਸਤਾਵੇਜ਼ੀ ਸਬੂਤ ਪੇਸ਼ ਕਰਦੇ ਹੋਏ ਬੇਨਤੀ ਕੀਤੀ ਹੈ ਕਿ ਮਾਲ ਰਿਕਾਰਡ ਪਿੰਡ ਤਲਵੰਡੀ ਭਰੋਂ, ਤਹਿਸੀਲ ਨਕੋਦਰ ਵਿੱਚ ਉਸ ਦੇ ਭਰਾ ਦਾ ਨਾਂਅ ਅਜੀਤ ਸਿੰਘ ਪੁੱਤਰ ਮਹਿੰਦਰ ਸਿੰਘ ਪੁੱਤਰ ਕਰਤਾਰ ਸਿੰਘ ਦਰਜ ਹੈ, ਜੋ ਕਿ ਗਲਤ ਦਰਜ ਹੈ, ਜਦਕਿ ਉਸ ਦੇ ਭਰਾ ਦਾ ਸਹੀ ਨਾਂਅ ਸੁਰਜੀਤ ਸਿੰਘ ਪੁੱਤਰ ਮਹਿੰਦਰ ਸਿੰਘ ਪੁੱਤਰ ਕਰਤਾਰ ਸਿੰਘ ਹੈ। ਉਸ ਦੇ ਭਰਾ ਦੇ ਦਸਤਾਵੇਜ਼ਾਂ ਵਿੱਚ ਉਸ ਦਾ ਨਾਂਅ ਸੁਰਜੀਤ ਸਿੰਘ ਪੁੱਤਰ ਮਹਿੰਦਰ ਸਿੰਘ ਹੈ। ਦਰਖਾਸਤਕਰਤਾ ਨੇ ਬੇਨਤੀ ਕੀਤੀ ਹੈ ਕਿ ਰਿਕਾਰਡ ਮਾਲ ਪਿੰਡ ਤਲਵੰਡੀ ਭਰੋਂ, ਤਹਿਸੀਲ ਨਕੋਦਰ ਵਿੱਚ ਉਸ ਦੇ ਭਰਾ ਦੇ ਨਾਂਅ ਦੀ ਦਰੁਸਤੀ ਕੀਤੀ ਜਾਵੇ।

ਇਸ ਮੁਨਾਦੀ ਰਾਹੀਂ ਹਰ ਆਮ ਵਾ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਰਿਕਾਰਡ ਮਾਲ ਪਿੰਡ ਤਲਵੰਡੀ ਭਰੋਂ, ਤਹਿਸੀਲ ਨਕੋਦਰ ਸੁਰਜੀਤ ਸਿੰਘ ਪੁੱਤਰ ਮਹਿੰਦਰ ਸਿੰਘ ਪੁੱਤਰ ਕਰਤਾਰ ਸਿੰਘ ਨਾਂਅ ਦੀ ਦਰੁਸਤੀ ਕਰਨ ਵਿੱਚ ਜੇਕਰ ਕਿਸੇ ਵਿਅਕਤੀ ਨੂੰ ਕੋਈ ਇਤਰਾਜ਼ ਹੋਵੇ ਤਾਂ ਉਹ ਅਸਾਲਤਨ ਜਾਂ ਵਕਾਲਤਨ ਨਿਮਨ ਹਸਤਾਖਰ ਦੀ ਅਦਾਲਤ ਵਿੱਚ ਮਿਤੀ 30-10-2023 ਤੱਕ ਹਾਜ਼ਰ ਹੋ ਕਰ ਆਪਣਾ ਪੱਖ ਪੇਸ਼ ਕਰ ਸਕਦਾ ਹੈ। ਨਿਸ਼ਚਿਤ ਮਿਤੀ ਤੋਂ ਬਾਅਦ ਪ੍ਰਾਪਤ ਹੋਈਆਂ ਦਰਖਾਸਤਾਂ 'ਤੇ ਗੌਰ ਨਹੀਂ ਕੀਤਾ ਜਾਵੇਗਾ। ਮੁਸ਼ਤਰੀ ਮੁਨਾਦੀ ਕਰਵਾਉਣ ਤੋਂ ਬਾਅਦ ਵਿੱਚ ਰਪਟ ਰੋਜ਼ਨਾਮਚੇ ਵਿੱਚ ਦਰਜ ਕਰਕੇ ਰੋਬਕਾਰ ਨਿਸ਼ਚਿਤ ਮਿਤੀ ਤੋਂ ਪਹਿਲਾਂ-ਪਹਿਲਾਂ ਇਸ ਦਫਤਰ ਨੂੰ ਭੇਜੀ ਜਾਵੇ।

ਨੋਟਿਸ ਅੱਜ ਮਿਤੀ 09-10-2023 ਨੂੰ ਮੇਰੇ ਹਸਤਾਖਰ ਅਤੇ ਮੋਹਰ ਅਦਾਲਤ ਨਾਲ ਜਾਰੀ ਕੀਤਾ ਗਿਆ।

ਸਹੀ/- ਨਾਇਬ ਤਹਿਸੀਲਦਾਰ, ਨਕੋਦਰ।
ਨੰ. 291/ਰੀਡਰ/-2 ਮਿਤੀ 10/10/23

ਅਦਾਲਤੀ ਇਸ਼ਤਿਹਾਰ

ਬਾ ਅਦਾਲਤ-ਨਵਦੀਪ ਸਿੰਘ ਭੋਗਲ ਜ਼ਿਲ੍ਹਾ ਮਾਲ ਅਫਸਰ-ਕਮ-ਸਹਾਇਕ ਕੁਲੈਕਟਰ ਦਰਜਾ ਅੱਵਲ, ਫਾਸਟ ਟਰੈਕ ਕੋਰਟ ਫਾਰ ਐੱਨ ਆਰ ਆਈਜ਼, ਕਪੂਰਥਲਾ।

ਕੇਸ ਨੰਬਰ 73/ਡੀ ਆਰ ਓ/ਐੱਫ ਟੀ ਸੀ/ਐੱਨ ਆਰ ਆਈ

ਤਾਰੀਖ ਦਾਇਰ : 11/10/2023

ਤਕਸੀਮ ਖੇਵਟ ਨੰਬਰ 117, ਖਤੌਨੀ ਨੰਬਰ 129 ਮੁਤਾਬਕ ਜਮ੍ਹਾਂਬੰਦੀ ਸਾਲ 2018-2019 ਵਾਕਿਆ ਰਕਬਾ ਪਿੰਡ ਭੰਡਾਲ ਬੇਟ, ਹਦਬਸਤ ਨੰਬਰ 37, ਸਬ ਤਹਿਸੀਲ ਢਿੱਲਵਾਂ, ਤਹਿਸੀਲ ਵਾ ਜ਼ਿਲ੍ਹਾ ਕਪੂਰਥਲਾ।

1. ਜੋਗਿੰਦਰ ਸਿੰਘ ਉਰਫ ਜੋਗਿੰਦਰ ਸਿੰਘ ਭੰਡਾਲ ਪੁੱਤਰ ਪਿਆਰਾ ਸਿੰਘ ਵਾਸੀ ਭੰਡਾਲ ਬੇਟ, ਸਬ ਤਹਿਸੀਲ ਢਿੱਲਵਾਂ, ਜ਼ਿਲ੍ਹਾ ਕਪੂਰਥਲਾ ਹਾਲ ਵਾਸੀ 4815 OCT NE Auburn WA 98002 USA ਰਾਹੀਂ ਮੁਖਤਾਰ ਖਾਸ ਤਰਸੇਮ ਸਿੰਘ ਪੁੱਤਰ ਬਨਾਰਸੀ ਲਾਲ ਵਾਸੀ ਭੱਟ ਮਾਜਰਾ, ਜ਼ਿਲ੍ਹਾ ਫਤਿਹਗੜ੍ਹ ਸਾਹਿਬ। ਫਰੀਕ ਅੱਵਲ

ਬਨਾਮ-1. ਮੋਹਿੰਦਰ ਸਿੰਘ ਪੁੱਤਰ ਜਗਤ ਸਿੰਘ ਪੁੱਤਰ ਖੜਕ ਸਿੰਘ 2. ਗੁਰਪ੍ਰੀਤ ਸਿੰਘ ਪੁੱਤਰ ਬਹਾਦਰ ਸਿੰਘ ਪੁੱਤਰ ਜਗਤ ਸਿੰਘ 3. ਰਣਜੀਤ ਕੌਰ ਵਿਧਵਾ ਦੀਦਾਰ ਸਿੰਘ ਪੁੱਤਰ ਕਰਮ ਸਿੰਘ 4. ਸੁਖਵੰਤ ਸਿੰਘ ਪੁੱਤਰ ਦੀਦਾਰ ਸਿੰਘ ਪੁੱਤਰ ਕਰਮ ਸਿੰਘ 5. ਰਮਨਪ੍ਰੀਤ ਸਿੰਘ ਪੁੱਤਰ ਦੀਦਾਰ ਸਿੰਘ ਪੁੱਤਰ ਕਰਮ ਸਿੰਘ 6. ਸੇਵਾ ਸਿੰਘ ਪੁੱਤਰ ਕਰਮ ਸਿੰਘ ਪੁੱਤਰ ਹਜਾਰਾ ਸਿੰਘ 7. ਰਣਜੀਤ ਸਿੰਘ ਪੁੱਤਰ ਚਰਨ ਸਿੰਘ ਪੁੱਤਰ ਜਗਤ ਸਿੰਘ 8. ਮਹਿੰਦਰ ਕੌਰ ਭੰਡਾਲ ਵਿਧਵਾ ਅਮਰਜੀਤ ਸਿੰਘ ਪੁੱਤਰ ਮੱਲ ਸਿੰਘ 9. ਗੁਰਦੁਆਰਾ ਸਾਹਿਬ ਪੱਤੀ ਸਾਬੂ ਕੀ ਅੰਬਾਂ ਵਾਲੀ ਸਾਰੇ ਖੇਵਟਦਾਰ ਵਾਸੀ ਪਿੰਡ ਭੰਡਾਲ ਬੇਟ, ਸਬ ਤਹਿਸੀਲ ਢਿੱਲਵਾਂ, ਜ਼ਿਲ੍ਹਾ ਕਪੂਰਥਲਾ।

ਉੱਪਰ ਲਿਖੇ ਫਰੀਕੈਨ ਦੋਇਮ ਦੀ ਸਾਧਾਰਨ ਤਰੀਕੇ ਦੇ ਨਾਲ-ਨਾਲ ਅਖਬਾਰ ਇਸ਼ਤਿਹਾਰ ਰਾਹੀਂ ਇਤਲਾਹ ਕਰਵਾਈ ਜਾਂਦੀ ਹੈ ਕਿ ਧਿਰਾਂ ਖੁਦ ਜਾਂ ਉਹਨਾ ਦੇ ਵਾਰਸ ਜਾਂ ਰਾਹੀਂ ਕੌਂਸਲ ਮਿਤੀ 26.10.2023 ਨੂੰ ਦੁਪਹਿਰ 2 ਵਜੇ ਅਸਾਲਤਨ ਜਾਂ ਵਕਾਲਤਨ ਹਾਜ਼ਰ ਅਦਾਲਤ ਹੋ ਕੇ ਆਪਣੇ ਪੱਖ ਪੇਸ਼ ਕਰਨ। ਸਮੇਂ ਸਿਰ ਹਾਜ਼ਰ ਨਾ ਹੋਣ ਦੀ ਸੂਰਤ ਵਿੱਚ ਕਾਰਵਾਈ ਇਕਤਰਫਾ ਅਮਲ ਵਿੱਚ ਲਿਆਂਦੀ ਜਾਵੇਗੀ ਅਤੇ ਅਗਲੀ ਬਣਦੀ ਕਾਰਵਾਈ ਕੀਤੀ ਜਾਵੇਗੀ।

ਅੱਜ ਮਿਤੀ 11.10.2023 ਨੂੰ ਮੋਹਰ ਅਦਾਲਤ ਇਸ਼ਤਿਹਾਰ ਜਾਰੀ ਹੋਇਆ।

ਜ਼ਿਲ੍ਹਾ ਮਾਲ ਅਫਸਰ-ਕਮ-ਸਹਾਇਕ ਕੁਲੈਕਟਰ ਦਰਜਾ ਅੱਵਲ, ਫਾਸਟ ਟਰੈਕ ਕੋਰਟ ਫਾਰ ਐੱਨ ਆਰ ਆਈਜ਼, ਕਪੂਰਥਲਾ।
ਨੰ: 332/ਰੀਡਰ/ਮਿਤੀ : 11.10.2023

ਜਨਤਕ ਨੋਟਿਸ

ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਮੈਸ: ਅੰਮ੍ਰਿਤਸਰ ਗੋਲਡਨ ਹਾਸਪਿਟੈਲਟੀ ਐੱਲ ਐੱਲ ਪੀ ਵੱਲੋਂ ਵਿਕਸਤ ਸਾਡੇ 'ਹੋਟਲ ਹਾਲੀ ਡੇ ਇਨ' ਨਾਮੀ ਪ੍ਰੋਜੈਕਟ ਨੂੰ ਐੱਸ ਈ ਆਈ ਏ ਏ ਪੰਜਾਬ ਵੱਲੋਂ ਈ ਸੀ ਪਛਾਣ ਨੰ. ਈ ਸੀ 23 ਬੀ 038 ਪੀ ਬੀ 110505 ਮਿਤੀ 06/10/2023 ਨੂੰ ਵਾਤਾਵਰਣ ਮਨਜ਼ੂਰੀ ਪ੍ਰਮਾਣ ਪੱਤਰ ਪ੍ਰਦਾਨ ਕੀਤਾ ਗਿਆ ਹੈ। ਇਸ ਦੀਆਂ ਕਾਪੀਆਂ ਪੀ ਪੀ ਸੀ ਬੀ ਕੋਲ ਉਪਲੱਬਧ ਹਨ।

COURT NOTICE

In the Court of
Ms. Navjot Kaur
Civil Judge (Junior Division), Sangrur.
CNR No. PBSG02-001181-2020
Next Date : 28.11.2023
Punjab National Bank
Versus
Dr. Manish Kaul and another

Publication issued to : Dr. Manish Kaul and another F/o Dr. Rajender Pal Kaul Life Line Multi Specialty Hospital Patiala Bye pass Sangrur now R/o H.No. 175, Peeragarhi, Delhi.

In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 28.11.2023 at 10.00 a.m.

For details logon to https://highcourtchd.gov.in/?trs=district notice & district=Sangrur

Civil Judge (Junior Division), Sangrur.
Dated, this day of 18.10.2023

COURT NOTICE

In the Court of
Ms. Amita Singh
Principal Judge Family Court, Muktsar.
CNR No. PBSM01-005303-2022
Next Date : 4.12.2023
Mandeep Singh
Versus
Rajveer Kaur

Publication issued to : Rajveer Kaur W/o Mandeep Singh D/o Jagdev Singh Vill. Patti Baja Golewala, Distt. Faridkot.

In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 4.12.2023 at 10.00 a.m.

For details logon to https://highcourtchd.gov.in/?trs=district notice & district=Muktsar

Principal Judge Family Court, Muktsar
Dated, this day of 17.10.2023

COURT NOTICE

In the Court of
Ms. Minakshi Mahajan
Addl. Civil Judge (Senior Division), Payal.
CNR No. PBLDD0-000005-2021
Next Date : 19.1.2024
Lakhvir Singh
Versus
Jaswinder Kaur

Publication issued to : Pargat Singh S/o Late Mewa Singh R/o Vill. Kathari, Tehsil Payal, Distt. Ludhiana

In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 19.01.2024 at 10.00 a.m.

For details logon to https://highcourtchd.gov.in/?trs=district notice & district=Ludhiana

Addl. Civil Judge (Senior Division), Payal.
Dated, this day of 16.10.2023

COURT NOTICE

In the Court of
Sh. Akbar Khan
Judicial Magistrate-Ist Class-3, Patiala.
CNR No. PBPT03-009485-2020
Next Date : 4.12.2023
Gurdarshan Kaur
Versus
Ramesh Singh

Publication issued to : Ramesh Singh S/o Durga Singh R/o H.No. 458-B, Street No. 5, New Bishan Nagar, Patiala.

In above titled case, the accused could not be served. It is ordered that accused should appear in person or through counsel on 4.12.2023 at 10.00 a.m.

For details logon to https://highcourtchd.gov.in/?trs=district notice & district=Patiala

Judicial Magistrate-Ist Class-3, Patiala
Dated, this day of 11.10.2023

Court Notice

In the Court of
Ms. Shilpa Singh
Civil Judge (Junior Division)-3, Jalandhar.
CS/1945/2022
CNR No. PBJL02-003346-2022
Next Date : 8.11.2023
Jagtar Singh
Versus

1. General Pulbic 2. Gurdeep Singh S/o Sh. Joginder Singh 3. Gurjinder Kaur D/o Sh. Joginder Singh 4. Jhalam Singh S/o Sh. Joginder Singh 5. Ranjit Kaur D/o Sh. Joginder Singh 6. Harnek Singh S/o Sh. Joginder Singh 7. Balkar Singh S/o Sh. Joginder Singh 8. Narinder Singh S/o Sh. Joginder Singh 9. Iqbal Singh S/o Daljit Singh 10. Balraj Kaur @ Babli D/o Daljit Singh All R/o Vill. Jamsher Khera, Tehsil and Distt. Jalandhar.

Publication issud to : 1. General Pulbic 2. Gurdeep Singh S/o Sh. Joginder Singh 3. Gurjinder Kaur D/o Sh. Joginder Singh 4. Jhalam Singh S/o Sh. Joginder Singh 5. Ranjit Kaur D/o Sh. Joginder Singh 6. Harnek Singh S/o Sh. Joginder Singh 7. Balkar Singh S/o Sh. Joginder Singh 8. Narinder Singh S/o Sh. Joginder Singh 9. Iqbal Singh S/o Daljit Singh 10. Balraj Kaur @ Babli D/o Daljit Singh All R/o Vill. Jamsher Khera, Tehsil and Distt. Jalandhar.

In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 8.11.2023 at 10.00 a.m.

For details logon to https://highcourtchd.gov.in/?trs=district notice & district=Jalandhar

Civil Judge (Junior Division)-3, Jalandhar.
Dated, this day of 11.10.2023

COURT NOTICE

In the Court of
Sh. Prabhjot Bhatti
Civil Judge (Junior Division), Ludhiana.
CNR No. PBLD02-003423-2020
Next Date : 3.11.2023
Canara Bank
Versus
M/S T.L. Gupta and Sons

Publication issued to : M/S T.L. Gupta and sons 1. 1436 Main Road Durgapuri Haibowal Kalan Ldh. through its proprietor Sh. Shubham Aggarwal 2. Shubham Aggarwal S/o Sunil Aggarwal Proprietor M/S T.L. Gupta and sons 1436 Main Road Durgapuri Haibowal Kalan, Ludhiana.

In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 3.11.2023 at 10.00 a.m.

For details logon to https://highcourtchd.gov.in/?trs=district notice & district=Ludhiana

Civil Judge (Junior Division), Ludhiana.
Dated, this day of 17.10.2023

COURT NOTICE

In the Court of
Sanjeeta
Addl. Principal Judge Family Court, Baba Bakala, Amritsar.
CNR No. PBASF3-000165-2023
Next Date : 28.11.2023

Hardish Singh aged about 43 years S/o Hazara Singh R/o Vill. Shero Bagha, Tehsil Baba Bakala Sahib, Distt. Amritsar.
Versus
Lovepreet Kaur alias Jaspreet Kaur alias Gurpreet Kaur

Petition under section 13 of Hindu Marriage Act 1955 for dissolution of marriage by a decree of divorce on the ground of cruelty, desertion and adultery.

Publication issued to : Lovepreet Kaur alias Jaspreet Kaur alias Gurpreet Kaur D/o Sawinder Singh W/o Hardish Singh R/o Vill. Shero Bagha, At Present R/o Vill. Jogi Cheema, Tehsil Batala, Distt. Gurdaspur.

In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 28.11.2023 at 10.00 a.m.

For details logon to https://highcourtchd.gov.in/?trs=district notice & district=Amritsar

Addl. Principal Judge Family Court, Baba Bakala.
Dated, this day of 17.10.2023

COURT NOTICE

In the Court of
Sushma Devi
Addl. Distt. and Sessions Judge, Amritsar.
EXE/12/2019
CNR No. PBAS01-000328-2019
Next Date : 16.11.2023
Indusind Bank Ltd
Versus
Nishan Singh

Publication issued to : 1. Nishan Singh F/o Sardool Singh R/o H.No. 269, Vill. Jhamjoti, Tehsil Ajnala, Distt. Amritsar, Amritsar, Punjab 2. Sajjan Singh S/o Makhan Singh R/o Baba Deep Singh Nagar, GT Road Chhehartta, Distt. Amritsar.

In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 16.11.2023 at 10.00 a.m.

For details logon to https://highcourtchd.gov.in/?trs=district notice & district=Amritsar

Addl. Distt. and Sessions Judge, Amritsar.
Dated, this day of 17.10.2023

Debar NOTICE

I, Harbhajan Singh S/o Late Karam Singh R/o H.No. 452, Ward No. 3, Mohalla Jattan, Adampur Doaba, Tehsil and Distt. Jalandhar, declare that my daughter-in-law Manpreet Kaur widow of Jagmohan Pal Singh D/o Makhan Singh R/o Gali No. 3, Ward No. 1, Mohalla Gandhi Nagar, Adampur Doaba, Tehsil and Distt. Jalandhar also resident of VIA FINILETTO 5 VILLIMPENTA MANTOVA 46039, ITALY NOW AT VIA FOSSA VILLIMPENTA FRAZIONE PRADELLO 46939 MANTOVA, ITALY is not under my control. So, I disinherited her from my moveable and immoveable property. If anyone is doing any type of transaction with her, will be doing at own responsibility. I shall not be responsible for the same. Concerned note. (8677)

Public Notice

I, Arvinder pal Singh s/o Kundan Singh R/o Bhikhiwind Road, Jhabal Kalan TEHSIL Tarn Taran District Tarn Taran, PUNJAB, INDIA, do hereby solemnly affirm and declare as under :-

1. That Arvinder Pal Singh and Arwinder Pal Singh both names are one and same person name.

I Roshan Lal S/o Sh. Inder Das R/o. H.No. B2-631, Gandhi Camp Jalandhar-144008 Jalandhar, declare that I have disowned and disinherited my son Narinder Pal from my movable and immovable properties due to out of control . I and my other family members having no relation with her . I shall not be held responsible for any kind of act, deed & dealings related to him.

ਆਮ ਸੂਚਨਾ

ਮੈਂ ਹੋਮ ਰਾਜ ਪੁੱਤਰ ਤਰਲੋਚਨ ਦਾਸ ਵਾਸੀ 3805, ਗੋਪਾਲ ਮੰਦਿਰ, ਘੀ ਮੰਡੀ, ਅੰਮ੍ਰਿਤਸਰ ਸੂਚਿਤ ਕਰਦਾ ਹਾਂ ਕਿ ਮੇਰੀ ਪਤਨੀ ਸੁਮਨ ਲੱਤਾ ਜੋ ਕਿ ਮੇਰੇ ਕਹਿਣੇ ਵਿੱਚ ਨਹੀ ਹੈ, ਮੇਰੀ ਕੋਈ ਗੱਲ ਨਹੀ ਮੰਨਦੀ, ਆਪਣੀ ਮਨ ਮਰਜੀ ਕਰਦੀ ਹੈ, ਘਰ ਵਿੱਚ ਲੜਾਈ ਝਗੜਾ ਕਰਦੀ ਹੈ ਦੇ ਨਾਲ ਰਿਸ਼ਤਾ ਖਤਮ ਕਰਦਾ ਹਾਂ। ਮੇਰਾ ਉਸਦੇ ਨਾਲ ਕੋਈ ਲੈਣ ਦੇਣ ਨਹੀ ਹੈ। ਉਸਦੇ ਮਾੜੇ ਚੰਗ ਕੰਮ, ਲੈਣ ਦੇਣ, ਨਫੇ ਨੁਕਸਾਨ, ਲੜਾਈ ਝਗੜੇ ਦੇ ਲਈ ਮੈਂ ਅਤੇ ਮੇਰਾ ਪਰਿਵਾਰ ਦਾ ਕੋਈ ਮੈਂਬਰ ਜਿੰਮੇਵਾਰ ਨਹੀ ਹੋਵੇਗਾ। ਮੇਰਾ ਹੁਣ ਸੁਮਨ ਲੱਤਾ ਨਾਲ ਕੋਈ ਰਿਸ਼ਤਾ ਨਹੀ ਹੈ। (Arora)

I, Trishla Devi W/o Barjesh Singh (Army No. 278898N-Sub)R/o village Mathura, ਤਹਿ: ਅਨੰਦਪੁਰਸਾਹਿਬ, ਜਿਲਾ ਰੂਪਨਗਰ (ਪੰਜਾਬ), ਸੂਚਿਤ ਕਰਦੀ ਹਾਂ ਕਿ ਮੇਰੇ ਪਤੀ ਦੇ ਨੌਕਰੀ ਰਿਕਾਰਡ ਵਿਚ ਮੇਰੀ ਜਨਮ ਮਿਤੀ ਗਲਤ 16/10/1981 ਦਰਜ ਹੋ ਗਈ ਹੈ। ਅਸਲੀ ਤਰੀਖ 25/08/1981 ਹੈ। ਸੰਬੰਧਤ ਨੋਟ ਕਰਨ। (B)

ਟਿਊਬਵੈੱਲ ਕੁਨੈਕਸ਼ਨ ਏ ਪੀ 22/539 ਬਲਬੀਰ ਸਿੰਘ ਪੁੱਤਰ ਦਲੀਪ ਸਿੰਘ ਵਾਸੀ ਪਿੰਡ ਲੱਖੇ ਕੇ ਬਹਿਰਾਮ ਟਿਊਬਵੈੱਲ ਕੁਨੈਕਸ਼ਨ 5 ਹਾਰਸ ਪਾਵਰ ਉਪ ਮੰਡਲ ਝੋਕ ਟਹਿਲ ਸਿੰਘ ਵਿਖੇ ਚੱਲ ਰਿਹਾ ਹੈ। ਇਹ ਕੁਨੈਕਸ਼ਨ ਬਲਵਿੰਦਰ ਕੌਰ ਪਤਨੀ ਰਣਜੀਤ ਸਿੰਘ ਵਾਸੀ ਪਿੰਡ ਲੱਖੇ ਕੇ ਬਹਿਰਾਮ ਦੇ ਨਾਂਅ ਤਬਦੀਲ ਕੀਤਾ ਜਾ ਰਿਹਾ ਹੈ। ਜੋ ਕਿਸੇ ਨੂੰ ਇਸ ਸੰਬੰਧੀ ਇਤਰਾਜ਼ ਹੋਵੇ ਤਾਂ ਲਿਖਤੀ ਰੂਪ ਵਿੱਚ ਝੋਕ ਟਹਿਲ ਸਿੰਘ ਉਪ ਮੰਡਲ ਨੂੰ 15 ਦਿਨਾਂ ਵਿੱਚ ਦੇਵੇ।

ਮੈਂ, ਮਨਜੀਤ ਕੌਰ ਪਤਨੀ ਜਗਬੀਰ ਸਿੰਘ ਵਾਸੀ ਪਿੰਡ ਜਹਾਂਗੀਰ, ਤਹਿਸੀਲ ਤੇ ਜ਼ਿਲ੍ਹਾ ਅੰਮ੍ਰਿਤਸਰ ਸੂਚਿਤ ਕਰਦੀ ਹਾਂ ਕਿ ਮਨਜੀਤ ਕੌਰ ਅਤੇ ਬਲਜੀਤ ਕ

19-OCT-PAGE-7.qxdadd.qxd 10/18/2023 10:35 PM Page 1

ਮਾੜੇ ਖਰੀਦ ਪ੍ਰਬੰਧਾਂ ਖਿਲਾਫ਼ ਕਿਸਾਨਾਂ-ਮਜ਼ਦੂਰਾਂ ਦਾ ਵਫ਼ਦ ਐੱਸ ਡੀ ਐੱਮ ਨੂੰ ਮਿਲਿਆ

ਜਗਰਾਉਂ (ਅਮਿਤ ਖੰਨਾ)

ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਤੇ ਗੱਲਾ ਮਜ਼ਦੂਰ ਯੂਨੀਅਨ ਦਾ ਸਾਂਝਾ ਵਫਦ ਐਸ ਡੀ ਐਮ ਸ਼੍ਰੀਮਤੀ ਮਨਜੀਤ ਕੌਰ ਨੂੰ ਮਿਲਿਆ। ਜ਼ਿਲ੍ਹਾ ਪ੍ਰਧਾਨ ਜਗਤਾਰ ਸਿੰਘ ਦੇਹੜਕਾ ਦੀ ਅਗਵਾਈ 'ਚ ਮਿਲੇ ਵਫ਼ਦ ਨੇ ਲਿਖਤੀ ਮੰਗ ਪੱਤਰ ਉਪ ਮੰਡਲ ਅਧਿਕਾਰੀ ਨੂੰ ਪੇਸ਼ ਕਰਦਿਆਂ ਮੰਗ ਕੀਤੀ ਕਿ ਅਨਾਜ ਮੰਡੀਆਂ 'ਚ ਆੜਤੀਆ, ਸ਼ੈਲਰ ਮਾਲਕਾਂ, ਗੱਲਾ ਮਜ਼ਦੂਰਾਂ ਵੱਲੋਂ ਅਣਮਿੱਥੇ ਸਮੇਂ ਦੀ ਹੜਤਾਲ ਕਾਰਨ ਅਨਾਜ ਦੀ ਏਜੰਸੀਆਂ ਵੱਲੋਂ ਖਰੀਦ ਦਾ ਕੰਮ ਬੁਰੀ ਤਰਾਂ ਪ੍ਰਭਾਵਤ ਹੋ ਰਿਹਾ ਹੈ। ਇਸ ਲਈ ਮੰਗ ਕੀਤੀ ਗਈ ਕਿ ਹੜਤਾਲੀ ਧਿਰਾਂ ਦੀਆਂ ਮੰਗਾਂ ਤੁਰੰਤ ਮੰਨ ਕੇ ਇਸ ਪੇਚੀਦਾ ਸਮੱਸਿਆ ਦਾ ਪਹਿਲ ਦੇ ਆਧਾਰ 'ਤੇ ਹੱਲ ਕੀਤਾ ਜਾਵੇ। ਮੰਡੀਆਂ 'ਚ ਏਜੰਸੀਆਂ ਵੱਲੋਂ ਖਰੀਦੇ ਝੋਨੇ ਦੀ ਤੁਰੰਤ ਲਿਫਟਿੰਗ ਨੂੰ ਯਕੀਨੀ ਬਣਾਇਆ ਜਾਵੇ। ਮੰਗ ਪੱਤਰ ਰਾਹੀਂ ਕਿਸਾਨਾਂ ਨੇ ਮੰਗ ਕੀਤੀ ਕਿ ਮੰਡੀਆਂ 'ਚ ਸਰਕਾਰ ਵੱਲੋਂ ਲਾਏ ਜਾ ਰਹੇ ਬਾਈਓਮੀਟਰਕ ਮੀਟਰ ਬੰਦ ਕੀਤੇ ਜਾਣ, ਕਿਉਂਕਿ ਇਹ ਕਿਸਾਨਾਂ ਦੀ ਬੇਵਜ੍ਹਾ ਖੱਜਲ ਖੁਆਰੀ ਤੋਂ ਬਿਨਾਂ ਕੁੱਝ ਵੀ ਨਹੀਂ। ਕਿਸਾਨ ਜਥੇਬੰਦੀ ਨੇ ਮੰਡੀਆਂ 'ਚ ਝੋਨੇ ਦੀ ਗਿੱਲ ਚੈੱਕ ਕਰਨ ਲਈ ਲਾਈ ਸਤਾਰਾਂ ਪ੍ਰਤੀਸ਼ਤ ਦੀ ਸ਼ਰਤ ਰੱਦ ਕੀਤੇ ਜਾਣ ਦੀ ਮੰਗ ਕੀਤੀ, ਉਨ੍ਹਾਂ ਕਿਹਾ ਕਿ ਹੁਣ ਦੋ ਤਿੰਨ ਦਿਨ ਤੋਂ ਪੈ ਰਹੀਆਂ ਬਾਰਿਸ਼ਾਂ ਨੇ ਝੋਨੇ ਦੀ ਵਾਢੀ ਪਛੇਤੀ ਪਾ ਦਿੱਤੀ ਹੈ।

ਕਿਸਾਨ ਜਥੇਬੰਦੀ ਨੇ ਕਮਾਲਪੁਰਾ ਬੁਰਜਕਲਾਰਾ ਸੜਕ ਦੀ ਮੁੜ ਉਸਾਰੀ ਦਾ ਕੰਮ ਮਿੱਥੇ ਸਮੇਂ 'ਚ ਕਰਾਉਣ ਦੀ ਵੀ ਮੰਗ ਦੁਹਰਾਈ। ਇਸ ਸਮੇਂ ਡੀ.ਏ.ਪੀ ਤੇ ਯੂਰੀਆ ਖਾਦ ਦੀ ਸੁਸਾਇਟੀਆਂ ਨੂੰ ਮਿਲਦੀ ਮਿਕਦਾਰ ਵਧਾਉਣ, ਵਪਾਰੀਆਂ ਵੱਲੋਂ ਕਿਸਾਨਾਂ ਤੇ ਖਾਦ ਦੇ ਨਾਲ ਨੈਨੋ ਤੇ ਹੋਰ ਸਮਾਨ ਮੜ੍ਹਨ ਦੇ ਵਰਤਾਰੇ ਨੂੰ ਸਖਤੀ ਨਾਲ ਰੋਕਣ ਦੀ ਮੰਗ ਕੀਤੀ। ਇਸ ਸਮੇਂ ਪੰਜਾਬ ਸਰਕਾਰ ਤੋਂ ਗੱਲਾ ਮਜ਼ਦੂਰਾਂ ਦੀ ਮਜ਼ਦੂਰੀ 'ਚ ਪੱਚੀ ਪ੍ਰਤੀਸ਼ਤ ਵਾਧੇ ਦੀ ਮੰਗ ਤੁਰੰਤ ਮੰਨਣ ਦੀ ਮੰਗ ਕੀਤੀ ਗਈ। ਇਸ ਸਮੇਂ ਕਿਸਾਨ ਆਗੂ ਇੰਦਰਜੀਤ ਸਿੰਘ ਧਾਲੀਵਾਲ ਜ਼ਿਲ੍ਹਾ ਸਕੱਤਰ, ਤਰਸੇਮ ਸਿੰਘ ਬੱਸੂਵਾਲ ਬਲਾਕ ਪ੍ਰਧਾਨ, ਕੁਲਵਿੰਦਰ ਸਿੰਘ ਬੱਸੂਵਾਲ ਪ੍ਰਧਾਨ, ਅਜਮੇਰ ਸਿੰਘ ਕੋਠੇ ਰਾਹਲਾਂ ਪ੍ਰਧਾਨ, ਕੁੰਡਾ ਸਿੰਘ ਕਾਉਂਕੇ ਬਲਾਕ ਆਗੂ, ਗੁਰਬਖਸ਼ ਸਿੰਘ ਪ੍ਰਧਾਨ ਕੋਠੇ ਸ਼ੇਰਸੰਗ, ਦਲਜੀਤ ਸਿੰਘ ਬਿੱਲੂ ਸ਼ਹਿਰੀ ਪ੍ਰਧਾਨ, ਗੱਲਾ ਮਜ਼ਦੂਰ ਯੂਨੀਅਨ ਆਗੂ ਰਾਜਪਾਲ ਬਾਬਾ ਤੇ ਸੋਨੂ ਚੌਧਰੀ ਆਦਿ ਹਾਜ਼ਰ ਸਨ।

ਚਕਰ ਦੇ ਖਿਡਾਰੀਆਂ, ਪ੍ਰਬੰਧਕਾਂ ਤੇ ਪੰਚਾਇਤ ਨੂੰ ਕੀਤਾ ਸਨਮਾਨਤ

ਹਠੂਰ (ਨਛੱਤਰ ਸੰਧੂ)-ਪੰਜਾਬ ਸਰਕਾਰ ਦੀ ਨਸ਼ਿਆਂ ਵਿਰੁੱਧ ਵਿੱਢੀ ਮੁਹਿੰਮ ਤਹਿਤ ਅਤੇ ਖੇਡਾਂ ਦਾ ਵਾਤਾਵਰਣ ਸਿਰਜਣ ਵਿੱਚ ਦਿਲਚਸਪੀ ਨੂੰ ਮੁੱਖ ਰੱਖਦਿਆਂ ਅਤੇ ਐਸ ਐਸ ਪੀ ਜਗਰਾਉਂ ਨਵਨੀਤ ਸਿੰਘ ਬੈਂਸ, ਐਸ.ਪੀ. ਮਨਵਿੰਦਰਬੀਰ ਸਿੰਘ, ਡੀ. ਐਸ. ਪੀ. ਰਛਪਾਲ ਸਿੰਘ ਢੀਂਡਸਾ, ਐਸ.ਐਚ.ਓ. (ਹਠੂਰ) ਸੁਰਜੀਤ ਸਿੰਘ ਨੇ ਪਿੰਡ ਚਕਰ ਵਿਖੇ ਪਹੁੰਚ ਕੇ ਚਕਰ ਦੇ ਖਿਡਾਰੀਆਂ, ਪ੍ਰਬੰਧਕਾਂ ਅਤੇ ਪੰਚਾਇਤ ਨੂੰ ਸਨਮਾਨਤ ਕੀਤਾ। ਸਭ ਤੋਂ ਪਹਿਲਾਂ ਪੰਜਾਬੀਆਂ ਨੂੰ ਨਸ਼ਿਆਂ ਵਿਰੁੱਧ ਜਾਗ੍ਰਿਤ ਕਰਨ ਦਾ ਸੁਨੇਹਾ ਦੇਣ ਵਾਲੇ ਸਲੋਗਨਾਂ ਵਾਲੇ ਗੁਬਾਰੇ ਛੱਡੇ ਗਏ। ਇਸ ਉਪਰੰਤ ਬਾਕਸਿੰਗ ਅਤੇ ਫੁੱਟਬਾਲ ਦੇ ਸ਼ੋਅਮੈਚ ਕਰਵਾਏ ਗਏ। ਇਸ ਮੌਕੇ ਪ੍ਰਿੰ. ਬਲਵੰਤ ਸਿੰਘ ਸੰਧੂ ਨੇ ਚਕਰ ਦੇ ਖੇਡ ਸੱਭਿਆਚਾਰ ਦੀ ਜਾਣਕਾਰੀ ਦਿੰਦਿਆਂ ਕਿਹਾ ਕਿ ਚਕਰ ਕੋਲ ਖੇਡਾਂ ਦੀ ਮਾਣਯੋਗ ਵਿਰਾਸਤ ਹੈ। ਇਸੇ ਵਿਰਾਸਤ ਕਾਰਨ ਹੀ ਚਕਰ ਉਲੰਪੀਅਨ ਅਤੇ ਵਿਸ਼ਵ ਚੌਂਪੀਅਨ ਪੈਦਾ ਕਰ ਸਕਿਆ ਹੈ। ਐਸ.ਐਸ.ਪੀ. ਨਵਨੀਤ ਸਿੰਘ ਬੈਂਸ ਨੇ ਪਿੰਡ ਵਾਸੀਆਂ ਦਾ ਹੌਸਲਾ ਵਧਾਉਂਦੇ ਹੋਏ ਕਿਹਾ ਕਿ ਉਨ੍ਹਾਂ ਦਾ ਪਿੰਡ ਵਧਾਈ ਦਾ ਪਾਤਰ ਹੈ, ਜੋ ਖੇਡਾਂ ਦਾ ਏਨਾ ਵਧੀਆ ਮਾਹੌਲ ਸਿਰਜਿਆ ਹੈ। ਐਸ.ਪੀ. ਮਨਵਿੰਦਰਬੀਰ ਸਿੰਘ ਨੇ ਖਿਡਾਰੀਆਂ ਨਾਲ ਆਪਣੇ ਖੇਡ ਤਜਰਬੇ ਸਾਂਝੇ ਕਰਦਿਆਂ ਖਿਡਾਰੀਆਂ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਮੱਲਾਂ ਮਾਰਨ ਲਈ ਪ੍ਰੇਰਿਆ। ਉਨ੍ਹਾਂ ਕਿਹਾ ਕਿ ਪੰਜਾਬ ਨੂੰ ਨਸ਼ਿਆਂ ਤੋਂ ਮੁਕਤ ਕਰਨ ਲਈ ਖੇਡਾਂ ਇੱਕ ਬਹੁਤ ਵਧੀਆ ਰਾਹ ਹਨ। ਇਸ ਮੌਕੇ ਸਮੂਹ ਅਫ਼ਸਰ ਸਾਹਿਬਾਨ ਵੱਲੋਂ ਚਕਰ ਅਕੈਡਮੀ ਦੇ ਸਰਪ੍ਰਸਤ ਪ੍ਰਿੰ. ਬਲਵੰਤ ਸਿੰਘ ਸੰਧੂ ਅਤੇ ਸਰਪੰਚ ਸੁਖਦੇਵ ਸਿੰਘ ਨੂੰ ਚਕਰ ਦੀਆਂ ਖੇਡ ਪ੍ਰਾਪਤੀਆਂ ਤੇ ਖੇਡ ਸੱਭਿਆਚਾਰ ਕਾਰਨ ਟਰਾਫ਼ੀ ਦੇ ਕੇ ਸਨਮਾਨਤ ਕੀਤਾ। ਨਾਲ ਹੀ ਖਿਡਾਰੀਆਂ ਦਾ ਹੌਸਲਾ ਵਧਾਉਣ ਲਈ ਉਨ੍ਹਾਂ ਨੂੰ ਇੱਕ ਸੌ ਟੀ-ਸ਼ਰਟਾਂ ਵੰਡੀਆਂ ਗਈਆਂ। ਇਸ ਮੌਕੇ ਸਰਪੰਚ ਸੁਖਦੇਵ ਸਿੰਘ ਸਮੇਤ ਸਮੁੱਚੀ ਪੰਚਾਇਤ, ਏ.ਐਸ.ਆਈ. ਕੁਲਦੀਪ ਕੁਮਾਰ, ਰੋਇੰਗ ਕੋਚ ਗੁਰਮੇਲ ਸਿੰਘ ਇੰਡੀਆ, ਨੰਬਰਦਾਰ ਚਮਕੌਰ ਸਿੰਘ, ਜਵਾਹਰ ਸਿੰਘ ਕਿੰਗਰਾ, ਦਰਸ਼ਨ ਸਿੰਘ ਗਿੱਲ, ਬਾਜ ਸਿੰਘ ਗਿੱਲ, ਪੰਜਾਬ ਸਪੋਰਟਸ ਅਕੈਡਮੀ ਦੇ ਪ੍ਰਬੰਧਕ ਜਸਕਿਰਨਪ੍ਰੀਤ ਸਿੰਘ ਜਿਮੀ, ਅਮਿਤ ਕੁਮਾਰ, ਅਮਨਦੀਪ ਸਿੰਘ ਬਾਠ, ਸੰਦੀਪ ਸਿੰਘ ਭੱਟੀ, ਦਰਸ਼ਨ ਸਿੰਘ ਨੰਬਰਦਾਰ, ਜਗਜੀਤ ਸਿੰਘ ਗਰੇਵਾਲ, ਕੋਚ ਜਗਜੀਤ ਸਿੰਘ ਮੱਲ੍ਹਾ, ਕਬੱਡੀ ਤੇ ਵਾਲੀਬਾਲ ਦੇ ਖਿਡਾਰੀ ਅਤੇ ਪਿੰਡ ਵਾਸੀ ਹਾਜ਼ਰ ਸਨ।

ਐੱਸ ਆਰ ਐੱਸ ਵਿੱਦਿਆਪੀਠ ਸਮਾਣਾ ਵਿਖੇ ਖਿਡਾਰੀਆਂ ਦਾ ਵਧੀਆ ਪ੍ਰਦਰਸ਼ਨ

ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)-ਸੀ ਬੀ ਐਸ ਈ ਕਲੱਸਟਰ 17 (2023-2024) ਦਾ ਦੂਜਾ ਦਿਨ 16 ਅਕਤੂਬਰ ਨੂੰ ਐੱਸ ਆਰ ਐੱਸ ਵਿੱਦਿਆਪੀਠ ਸਮਾਣਾ ਵਿਖੇ ਬਹੁਤ ਹੀ ਉਤਸ਼ਾਹ ਨਾਲ ਸ਼ੁਰੂ ਹੋਇਆ। ਜਿਸ ਵਿੱਚ ਵਿਵੇਕ ਤਿਵਾਰੀ (ਸਹੋਦਿਆ ਕੰਪਲੈਕਸ ਦੇ ਪ੍ਰਧਾਨ, ਸਿਟੀ ਕੁਆਰਡੀਨੇਟਰ ਅਤੇ ਪ੍ਰਿੰਸੀਪਲ ਡੀ ਏ ਵੀ ਪਬਲਿਕ ਸਕੂਲ ਪਟਿਆਲਾ) ਅਤੇ ਮਨੋਜ ਸ਼ਰਮਾ (ਪ੍ਰਿੰਸੀਪਲ ਡੀ.ਏ.ਵੀ. ਪਬਲਿਕ ਸਕੂਲ ਕਕਰਾਲਾ) ਮੁੱਖ ਮਹਿਮਾਨ ਵਜੋਂ ਹਾਜ਼ਰ ਹੋਏ। ਉਨ੍ਹਾਂ ਜੇਤੂ ਵਿਦਿਆਰਥੀਆਂ ਨੂੰ ਮੈਡਲ ਅਤੇ ਸਰਟੀਫਿਕੇਟ ਦੇ ਕੇ ਸਨਮਾਨਤ ਕੀਤਾ ਅਤੇ ਉਨ੍ਹਾਂ ਦੇ ਉੱਜਵਲ ਭਵਿੱਖ ਲਈ ਸ਼ੁੱਭਕਾਮਨਾਵਾਂ ਦਿੰਦੇ ਹੋਏ ਐੱਸ ਆਰ ਐੱਸ ਵਿੱਦਿਆਪੀਠ ਦੀ ਟੀਮ ਦੇ ਕੰਮ ਦੀ ਸ਼ਲਾਘਾ ਕੀਤੀ। ਸਕੂਲ ਚੇਅਰਮੈਨ ਅਮਿਤ ਸਿੰਗਲਾ, ਸਕੱਤਰ ਲਲਿਤ ਸਿੰਗਲਾ ਅਤੇ ਸਕੂਲ ਪ੍ਰਿੰਸੀਪਲ ਮਿਸ ਮਿਲੀ ਬੋਸ ਅਤੇ ਐਸ ਆਰ ਐਸ ਵਿੱਦਿਆਪੀਠ ਦੀ ਟੀਮ ਨੇ ਆਏ ਹੋਏ ਮੁੱਖ ਮਹਿਮਾਨਾਂ ਦਾ ਧੰਨਵਾਦ ਕੀਤਾ।

ਸੰਤ ਕਬੀਰ ਸਕੂਲ ਨੇ ਜ਼ੋਨਲ ਐਥਲੈਟਿਕਸ ਮੀਟ 'ਚੋਂ ਜਿੱਤੇ 15 ਮੈਡਲ

ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)-ਭੁੱਚੋ ਕਲਾਂ ਸਟੇਡੀਅਮ ਵਿਖੇ ਹੋਈ ਜ਼ੋਨਲ ਅਥਲੈਟਿਕਸ ਮੀਟ ਵਿੱਚ ਸੰਤ ਕਬੀਰ ਕਾਨਵੈਂਟ ਸੀਨੀਅਰ ਸੈਕੰਡਰੀ ਸਕੂਲ ਦੇ ਵਿਦਿਆਰਥੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਅਤੇ ਮੈਡਲ ਪ੍ਰਾਪਤ ਕਰਕੇ ਆਪਣੇ ਮਾਪਿਆਂ ਅਤੇ ਸਕੂਲ ਦਾ ਨਾਂਅ ਰੌਸ਼ਨ ਕੀਤਾ। ਅੰਡਰ-14, ਅੰਡਰ-17 ਤੇ ਅੰਡਰ-19 ਦੇ ਗਰੁੱਪਾਂ ਦੇ ਕਰਵਾਏ ਮੁਕਾਬਲਿਆਂ 'ਚੋਂ ਅੰਡਰ-14 ਦੇ ਵਿਦਿਆਰਥੀਆਂ ਨੇ 100 ਮੀ: ਅਤੇ 200 ਮੀ: ਰੇਸ 'ਚ ਵੰਸ਼ ਨੇ ਗੋਲਡ ਮੈਡਲ, ਲੰਬੀ ਛਾਲ 'ਚ ਵੀ ਵੰਸ਼ ਨੇ ਗੋਲਡ ਮੈਡਲ, ਲੰਬੀ ਛਾਲ 'ਚ ਇਸ਼ਮੀਤ ਨੇ ਸਿਲਵਰ ਮੈਡਲ ਅਤੇ ਸ਼ਾਟਪੁੱਟ 'ਚ ਅਰਸ਼ਦੀਪ ਨੇ ਕਾਂਸੀ ਦਾ ਮੈਡਲ, ਅੰਡਰ-17 ਹਰਦੀਪ ਨੇ 100 ਮੀ: ਰੇਸ 'ਚ, ਲਵਦੀਪ ਨੇ ਟਰਿਪਲ ਜੰਪ 'ਚ ਗੋਲਡ ਮੈਡਲ , ਨਵਦੀਪ ਸਿੰਘ ਨੇ ਜੈਵਲਿਨ 'ਚ ਅਤੇ 800 ਮੀ: ਰੇਸ 'ਚ ਖੁਸ਼ਪ੍ਰੀਤ ਨੇ ਸਿਲਵਰ ਮੈਡਲ, ਅੰਡਰ-19 ਲੰਬੀ ਛਾਲ 'ਚ ਅਰਪਣ ਨੇ, 200 ਮੀ: ਰੇਸ 'ਚ ਸ਼ਵਿਮ ਨੇ ਸਿਲਵਰ ਮੈਡਲ, ਸ਼ਾਟਪੁੱਟ 'ਚ ਅਰਸ਼ਦੀਪ ਤੇ ਹਰਫਤਿਹ ਅਤੇ 100 ਮੀ: ਰੇਸ 'ਚ ਵੀ ਅਰਸ਼ਦੀਪ ਨੇ ਕਾਂਸੀ ਦਾ ਮੈਡਲ ਜਿੱਤਿਆ। ਸਕੂਲ ਦੇ ਐਮ.ਡੀ. ਪ੍ਰੋਫੈਸਰ ਐਮ. ਐਲ. ਅਰੋੜਾ, ਪ੍ਰਿੰਸੀਪਲ ਮੈਡਮ ਕੰਚਨ, ਡੀ. ਪੀ. ਸੰਦੀਪ ਸਿੰਘ ਅਤੇ ਗੁਰਪ੍ਰੀਤ ਸਿੰਘ ਨੇ ਜੇਤੂ ਵਿਦਿਆਰਥੀਆਂ ਨੂੰ ਵਧਾਈ ਦਿੰਦੇ ਹੋਏ ਭਵਿੱਖ ਵਿੱਚ ਜ਼ਿਲ੍ਹਾ ਪੱਧਰ 'ਤੇ ਸ਼ਾਨਦਾਰ ਪ੍ਰਦਰਸ਼ਨ ਕਰਨ ਲਈ ਪ੍ਰੇਰਿਤ ਕੀਤਾ।

ਕਾਤਰਾਂ

ਸੜਕਾਂ 'ਤੇ ਜ਼ਿੰਦਗੀ ਬਿਤਾਅ ਰਹੀ ਬਜ਼ੁਰਗ ਮਾਤਾ ਨੂੰ ਵਾਰਸਾਂ ਹਵਾਲੇ ਕੀਤਾ

ਫਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਪਿਛਲੇ ਕੁੱਝ ਦਿਨਾਂ ਤੋਂ ਜ਼ਿਲ੍ਹਾ ਫਤਹਿਗੜ੍ਹ ਸਾਹਿਬ ਦੇ ਗੁਰਦੁਆਰਾ ਸਾਹਿਬ ਅਤੇ ਬੱਸ ਸਟੈਂਡ 'ਤੇ ਇੱਕ 75 ਸਾਲ ਦੇ ਕਰੀਬ ਦੀ ਬਜ਼ੁਰਗ ਮਾਤਾ ਲਾਵਾਰਿਸ ਅਤੇ ਪਾਗਲਾਂ ਵਾਲੀ ਹਾਲਤ ਵਿੱਚ ਬੇਨਾਮ ਜ਼ਿੰਦਗੀ ਬਿਤਾ ਰਹੀ ਸੀ। 6 ਅਕਤੂਬਰ ਨੂੰ ਸਰਹਿੰਦ ਬਲਾਕ ਦੇ ਜ਼ਿਲ੍ਹਾ ਬਾਲ ਵਿਕਾਸ ਪ੍ਰੋਜੇਕਟ ਅਫਸਰ ਰਾਹੁਲ ਅਰੋੜਾ ਦੀ ਨਜ਼ਰ ਇਸ ਬਜ਼ੁਰਗ ਔਰਤ 'ਤੇ ਪਈ। ਅਰੋੜਾ ਨੇ ਸਿਵਲ ਹਸਪਤਾਲ ਦੇ ਸੀਨੀਅਰ ਮੈਡੀਕਲ ਅਫਸਰ ਡਾ. ਬਲਕਾਰ ਸਿੰਘ ਅਤੇ ਸਿਵਲ ਸਰਜਨ ਦਫਤਰ ਵਿਖੇ ਤਾਇਨਾਤ ਹਰਪਾਲ ਸਿੰਘ ਸੋਢੀ ਅਤੇ ਅਮਰਜੀਤ ਸਿੰਘ ਨਾਲ ਰਾਬਤਾ ਕਰਕੇ ਇਸ ਔਰਤ ਨੂੰ ਸਿਵਲ ਹਸਪਤਾਲ ਵਿਖੇ ਦਾਖਲ ਕਰਵਾਇਆ। ਬਜ਼ੁਰਗ ਨੂੰ ਪੁੱਛਣ 'ਤੇ ਉਸ ਨੇ ਆਪਣਾ ਪੇਕੇ ਪਿੰਡ ਭਾਈ ਰੂਪਾ ਅਤੇ ਸਹੁਰਾ ਘਰ ਪਿੰਡ ਕੇਸਰਆਲਾ ਜ਼ਿਲ੍ਹਾ ਬਠਿੰਡਾ ਦੱਸਿਆ। ਇਸ 'ਤੇ ਅਰੋੜਾ ਅਤੇ ਹਰਪਾਲ ਸਿੰਘ ਸੋਢੀ ਨੇ ਇਸ ਬਜ਼ੁਰਗ ਔਰਤ ਦੇ ਦੋਹਾਂ ਘਰਾਂ ਦਾ ਪਤਾ ਲਗਾ ਕੇ ਉਸ ਦੇ ਲੜਕੇ ਕੇਵਲ ਸਿੰਘ ਨਾਲ ਰਾਬਤਾ ਕਾਇਮ ਕੀਤਾ ਅਤੇ 17 ਅਕਤੂਬਰ ਨੂੰ ਮਾਤਾ ਸਿਵਲ ਹਸਪਤਾਲ ਫਤਹਿਗੜ੍ਹ ਸਾਹਿਬ ਤੋਂ ਉਸ ਦੇ ਹਵਾਲੇ ਕਰ ਦਿੱਤੀ। ਕੇਵਲ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਮਾਤਾ ਇੱਕ ਮਹੀਨੇ ਤੋਂ ਆਪਣੇ ਪੇਕੇ ਘਰ ਤੋਂ ਲਾਪਤਾ ਹੋ ਗਈ ਸੀ ਜਿਸ ਦੀ ਉਨ੍ਹਾਂ ਕਈ ਥਾਵਾਂ 'ਤੇ ਭਾਲ ਵੀ ਕੀਤੀ ਸੀ। ਇਸ ਮੌਕੇ ਰਾਹੁਲ ਅਰੋੜਾ, ਹਰਪਾਲ ਸਿੰਘ ਸੋਢੀ, ਅਮਰਜੀਤ ਸਿੰਘ, ਮਾਤਾ ਫੰਦਰਪਾਲ ਕੌਰ ਅਤੇ ਕੇਵਲ ਸਿੰਘ ਮੌਜੂਦ ਸਨ।

ਬਿਨਾਂ ਲਾਇਸੈਂਸ ਤੋਂ ਬੀਜ ਵੇਚਣ ਵਾਲਿਆਂ ਨੂੰ ਤਾੜਨਾ

ਮਾਛੀਵਾੜਾ ਸਾਹਿਬ (ਸ਼ੌਕੀ ਸ਼ਰਮਾ, ਜਗਦੀਸ਼ ਰਾਏ)-ਖੇਤੀਬਾੜੀ ਵਿਭਾਗ ਦੇ ਦਫ਼ਤਰ ਵਿੱਚ ਮਨਜ਼ੂਰਸ਼ੁਦਾ ਬੀਜ ਵੇਚਣ ਵਾਲੇ ਦੁਕਾਨਦਾਰਾਂ ਨੇ ਸੂਚਨਾ ਦਿੱਤੀ ਕਿ ਕੁੱਝ ਕਰਿਆਨੇ ਦਾ ਸਮਾਨ ਵੇਚਣ ਵਾਲੇ ਦੁਕਾਨਦਾਰ ਵੀ ਖੇਤੀਬਾੜੀ ਦਾ ਬੀਜ ਵੇਚ ਰਹੇ ਹਨ, ਜਿਸ ਨਾਲ ਸਾਡੇ ਕਾਰੋਬਾਰ ਠੱਪ ਹੋਏ ਪਏ ਹਨ। ਇਸ ਨੂੰ ਦੇਖਦੇ ਹੋਏ ਖੇਤੀਬਾੜੀ ਵਿਭਾਗ ਮਾਛੀਵਾੜਾ ਦੇ ਖੇਤੀਬਾੜੀ ਵਿਕਾਸ ਅਫ਼ਸਰ ਗਗਨਦੀਪ ਸਿੰਘ ਨੇ ਕਰਿਆਨੇ ਦੀਆਂ ਦੁਕਾਨਾਂ 'ਤੇ ਜਾ ਕੇ ਚੈਕਿੰਗ ਕੀਤੀ ਅਤੇ ਨਾਲ ਹੀ ਉਨ੍ਹਾਂ ਨੂੰ ਤਾੜਨਾ ਵੀ ਕੀਤੀ ਕਿ ਜੇਕਰ ਕੋਈ ਬਿਨਾਂ ਲਾਈਸੈਂਸ ਤੋਂ ਗੈਰ-ਕਾਨੂੰਨੀ ਢੰਗ ਨਾਲ ਫਸਲਾਂ ਦੇ ਬੀਜ ਵੇਚਦਾ ਫੜਿਆ ਗਿਆ ਤਾਂ ਉਸ ਉੱਪਰ ਬੀਜ ਐਕਟ ਦੇ ਅਧੀਨ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਨੇ ਕਿਹਾ ਕਿ ਇਹ ਚੈਕਿੰਗ ਲਗਾਤਾਰ ਜਾਰੀ ਰਹੇਗੀ।

ਆਯੂਸ਼ਮਾਨ ਕਾਰਡ ਬਣਵਾਓ, 1 ਲੱਖ ਦਾ ਨਕਦ ਇਨਾਮ ਪਾਓ : ਸ਼ੌਕਤ ਅਹਿਮਦ ਪਰੇ

ਸੰਗਤ ਮੰਡੀ (ਰਾਜਦੀਪ ਜੋਸ਼ੀ)-ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਵੱਲੋਂ ਚਲਾਈ ਜਾ ਰਹੀ ਆਯੁਸ਼ਮਾਨ ਭਾਰਤ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਤਹਿਤ ਯੋਗ ਲਾਭਪਾਤਰੀਆਂ ਦੇ ਕਾਰਡ ਬਣਾਉਣ 'ਚ ਵਾਧਾ ਕਰਨ ਦੇ ਮੰਤਵ ਨਾਲ ਪੰਜਾਬ ਸਰਕਾਰ ਵੱਲੋਂ ਆਯੁਸ਼ਮਾਨ ਭਾਰਤ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਦਾ ਕਾਰਡ ਬਣਵਾਉਣ ਵਾਲੇ ਲਾਭਪਾਤਰੀਆਂ ਲਈ ਦੀਵਾਲੀ ਤੇ ਸਾਹਿਬ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਗੁਰਪੁਰਬ ਦੇ ਮੌਕੇ 'ਤੇ ਦੀਵਾਲੀ ਬੰਪਰ ਡਰਾਅ ਕੱਢਿਆ ਜਾ ਰਿਹਾ ਹੈ। ਇਹ ਜਾਣਕਾਰੀ ਡਿਪਟੀ ਕਮਿਸ਼ਨਰ ਸ਼੍ਰੀ ਸ਼ੌਕਤ ਅਹਿਮਦ ਪਰੇ ਨੇ ਸਾਂਝੀ ਕੀਤੀ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਸਟੇਟ ਹੈਲਥ ਏਜੰਸੀ, ਪੰਜਾਬ ਵੱਲੋਂ 30 ਨਵੰਬਰ 2023 ਤੱਕ ਕਾਰਡ ਬਣਵਾਉਣ ਵਾਲੇ ਸਾਰੇ ਲਾਭਪਾਤਰੀਆਂ ਵਿੱਚ ਲੱਕੀ ਡਰਾਅ ਦੇ ਜ਼ਰੀਏ 10 ਲੋਕਾਂ ਨੂੰ ਨਕਦ ਇਨਾਮ ਦਿੱਤੇ ਜਾਣੇ ਹਨ, ਜਿਸ ਵਿੱਚ ਪਹਿਲਾ ਇਨਾਮ 1 ਲੱਖ ਰੁਪਏ ਦਾ ਹੋਵੇਗਾ। ਦੂਜਾ ਇਨਾਮ 50 ਹਜ਼ਾਰ, ਤੀਜਾ ਇਨਾਮ 25 ਹਜ਼ਾਰ, ਚੌਥਾ ਇਨਾਮ 10 ਹਜ਼ਾਰ, ਪੰਜਵਾਂ ਇਨਾਮ 8 ਹਜ਼ਾਰ ਛੇਵੇਂ ਤੋਂ ਦਸਵਾਂ ਇਨਾਮ 5 ਹਜ਼ਾਰ ਰੁਪਏ ਦਾ ਹੋਵੇਗਾ। ਉਨ੍ਹਾਂ ਦੱਸਿਆ ਕਿ ਇਹ ਲੱਕੀ ਡਰਾਅ ਖੁੱਲ੍ਹਣ ਦੀ 4 ਦਸੰਬਰ ਹੋਵੇਗੀ। ਡਿਪਟੀ ਕਮਿਸ਼ਨਰ ਸ਼੍ਰੀ ਸ਼ੌਕਤ ਅਹਿਮਦ ਪਰੇ ਨੇ ਦੱਸਿਆ ਕਿ ਇਸ ਕਾਰਡ 'ਤੇ ਹਰ ਸਾਲ ਪੂਰੇ ਪਰਵ

19-Oct-PAGE-8.qxd 10/18/2023 10:42 PM Page 1

ਰਿੰਦਾ ਗੈਂਗ ਦੇ ਚਾਰ ਕਾਰਕੁਨ ਗ੍ਰਿਫ਼ਤਾਰ; ਇੱਕ ਪਿਸਤੌਲ ਬਰਾਮਦ

ਚੰਡੀਗੜ੍ਹ, (ਗੁਰਜੀਤ ਬਿੱਲਾ)-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ 'ਤੇ ਪੰਜਾਬ ਨੂੰ ਅਪਰਾਧ ਮੁਕਤ ਸੂਬਾ ਬਣਾਉਣ ਲਈ ਵਿੱਢੀ ਮੁਹਿੰਮ ਤਹਿਤ ਪੰਜਾਬ ਪੁਲਸ ਨੇ ਪਾਕਿਸਤਾਨ ਸਥਿਤ ਅੱਤਵਾਦੀ ਹਰਵਿੰਦਰ ਸਿੰਘ ਰਿੰਦਾ ਦੀ ਹਮਾਇਤ ਪ੍ਰਾਪਤ ਅਤੇ ਅਮਰੀਕਾ ਸਥਿਤ ਗੈਂਗਸਟਰ ਹਰਪ੍ਰੀਤ ਸਿੰਘ ਉਰਫ਼ ਹੈਪੀ ਪਾਸੀਆ ਵੱਲੋਂ ਚਲਾਏ ਜਾ ਰਹੇ ਅੱਤਵਾਦੀ ਮਾਡਿਊਲ ਦੇ ਚਾਰ ਕਾਰਕੁਨਾਂ ਨੂੰ ਗ੍ਰਿਫ਼ਤਾਰ ਕਰਕੇ ਸੂਬੇ ਦੇ ਮੋਹਤਬਾਰ ਵਿਅਕਤੀਆਂ ਦੀ ਸੰਭਾਵਿਤ ਟਾਰਗੇਟ ਕਿਲਿੰਗ ਨੂੰ ਟਾਲ ਦਿੱਤਾ ਹੈ।

ਡੀਜੀਪੀ ਪੰਜਾਬ, ਗੌਰਵ ਯਾਦਵ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਕਾਬੂ ਕੀਤੇ ਮੁਲਜ਼ਮਾਂ ਦੀ ਪਛਾਣ ਵਿਕਰਮਜੀਤ ਸਿੰਘ ਉਰਫ਼ ਰਾਜਾ ਬੈਂਸ ਵਾਸੀ ਬਟਾਲਾ ਅਤੇ ਬਾਵਾ ਸਿੰਘ ਵਾਸੀ ਪਿੰਡ ਲੁੱਧਰ (ਅੰਮ੍ਰਿਤਸਰ), ਗੁਰਕ੍ਰਿਪਾਲ ਸਿੰਘ ਉਰਫ਼ ਗਗਨ ਰੰਧਾਵਾ ਅਤੇ ਅਮਾਨਤ ਗਿੱਲ ਦੋਵੇਂ ਵਾਸੀ ਅੰਮ੍ਰਿਤਸਰ ਵਜੋਂ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਪੁਲਸ ਟੀਮਾਂ ਨੇ ਦੋਸ਼ੀਆਂ ਕੋਲੋਂ .32 ਬੋਰ ਦਾ ਇੱਕ ਪਿਸਤੌਲ ਅਤੇ 10 ਜਿੰਦਾ ਕਾਰਤੂਸ ਵੀ ਬਰਾਮਦ ਕੀਤੇ ਹਨ।

ਉਨ੍ਹਾਂ ਦੱਸਿਆ ਕਿ ਰਿੰਦਾ ਅਤੇ ਹੈਪੀ ਪਾਸੀਆ ਵੱਲੋਂ ਸੂਬੇ ਦੇ ਕੁਝ ਪ੍ਰਮੁੱਖ ਵਿਅਕਤੀਆਂ ਦੀ ਮਿੱਥਕੇ ਹੱਤਿਆ ਕਰਨ ਦੀ ਯੋਜਨਾ ਬਣਾਉਣ ਅਤੇ ਇਸ ਵਾਰਦਾਤ ਨੂੰ ਅੰਜਾਮ ਦੇਣ ਲਈ ਦੋ ਸ਼ੂਟਰਾਂ ਨੂੰ ਨਿਯੁਕਤ ਕਰਨ ਬਾਰੇ ਪੁਖ਼ਤਾ ਇਤਲਾਹ ਮਿਲਣ ਉਪਰੰਤ ਐਸ.ਐਸ.ਓ.ਸੀ. ਐਸ.ਏ.ਐਸ. ਨਗਰ ਦੀਆਂ ਪੁਲਿਸ ਟੀਮਾਂ ਨੇ ਇੱਕ ਵਿਸ਼ੇਸ਼ ਆਪ੍ਰੇਸ਼ਨ ਚਲਾਇਆ ਅਤੇ ਵਿਕਰਮਜੀਤ ਉਰਫ਼ ਰਾਜਾ ਬੈਂਸ ਅਤੇ ਬਾਵਾ ਸਿੰਘ ਸਮੇਤ ਦੋ ਮੁਲਜ਼ਮਾਂ ਨੂੰ ਕਾਬੂ ਕੀਤਾ।।

ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਗੈਂਗਸਟਰ ਹੈਪੀ ਪਾਸੀਆ ਨੇ ਮੁਲਜ਼ਮ ਵਿਕਰਮਜੀਤ ਨਾਲ ,ਟਾਰਗੇਟ ਕਿਲਿੰਗ ਕਰਨ ਸਬੰਧੀ 15 ਲੱਖ ਰੁਪਏ ਵਿੱਚ ਸੌਦਾ ਕੀਤਾ ਸੀ ਅਤੇ ਇਸ ਵਾਰਦਾਤ ਨੂੰ ਅੰਜਾਮ ਦੇਣ ਲਈ ਸਤੰਬਰ 2023 ਦੇ ਆਖਰੀ ਹਫ਼ਤੇ ਮੁਲਜ਼ਮ ਵਿਕਰਮਜੀਤ ਵੱਲੋਂ ਰੇਕੀ ਵੀ ਕੀਤੀ ਗਈ ਸੀ। ਡੀਜੀਪੀ ਨੇ ਦੱਸਿਆ ਕਿ ਅਗਲੀ ਜਾਂਚ ਤੋਂ ਪਤਾ ਲੱਗਿਆ ਹੈ ਕਿ ਵਿਕਰਮਜੀਤ ਲਈ ਪਿਸਤੌਲ ਅਤੇ ਜਿੰਦਾ ਕਾਰਤੂਸਾਂ ਦਾ ਪ੍ਰਬੰਧ ਹੈਪੀ ਪਾਸੀਆ ਨੇ ਆਪਣੇ ਸਥਾਨਕ ਸਾਥੀਆਂ ਗੁਰਕਿਰਪਾਲ ਸਿੰਘ ਉਰਫ਼ ਗਗਨ ਰੰਧਾਵਾ, ਹਰੀ ਸਿੰਘ ਉਰਫ਼ ਹੈਰੀ ਅਤੇ ਅਮਾਨਤ ਗਿੱਲ, ਸਾਰੇ ਵਾਸੀ ਅੰਮ੍ਰਿਤਸਰ ਰਾਹੀਂ ਕੀਤਾ ਸੀ। ਉਨ੍ਹਾਂ ਅੱਗੇ ਕਿਹਾ ਕਿ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮਾਂ ਦੇ ਖੁਲਾਸੇ ਤੋਂ ਬਾਅਦ ਪੁਲਸ ਟੀਮਾਂ ਨੇ ਗੁਰਕ੍ਰਿਪਾਲ ਸਿੰਘ ਅਤੇ ਅਮਾਨਤ ਗਿੱਲ ਨੂੰ ਵੀ ਕਾਬੂ ਕਰ ਲਿਆ ਹੈ, ਜਦਕਿ ਹਰੀ ਸਿੰਘ ਵਿਦੇਸ਼ ਭੱਜਣ ਵਿੱਚ ਕਾਮਯਾਬ ਹੋ ਗਿਆ।

ਇਸ ਸਬੰਧੀ ਯੂਏਪੀਏ ਦੀ ਧਾਰਾ 17,18 ,20, ਆਈਪੀਸੀ ਦੀ ਧਾਰਾ 115, 153, 153ਏ ਅਤੇ 120ਬੀ ਅਤੇ ਅਸਲਾ ਐਕਟ ਦੀ ਧਾਰਾ 25 ਤਹਿਤ ਪਹਿਲਾਂ ਹੀ ਐਫਆਈਆਰ ਦਰਜ ਕੀਤੀ ਜਾ ਚੁੱਕੀ ਹੈ।

ਜ਼ਿੰਪਾ ਨੇ ਕੈਂਪ ਦੌਰਾਨ ਖ਼ੂਨਦਾਨੀਆਂ ਦੀ ਕੀਤੀ ਹੌਸਲਾ-ਅਫ਼ਜ਼ਾਈ

ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)-ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦੇ ਜਨਮ ਦਿਵਸ ਨੂੰ ਖ਼ੂਨਦਾਨ ਦਿਵਸ ਵਜੋਂ ਮਨਾਉਂਦਿਆਂ ਕੈਬਨਿਟ ਮੰਤਰੀ ਬ੍ਰਮ ਸ਼ੰਕਰ ਜਿੰਪਾ ਨੇ ਸਤਿਨਾਮ ਹਸਪਤਾਲ ਹੁਸ਼ਿਆਰਪੁਰ ਵਿਖੇ ਬਾਬਾ ਫਤਿਹ ਸਿੰਘ ਸੇਵਾ ਸੁਸਾਇਟੀ ਵੱਲੋਂ ਲਗਾਏ ਗਏ ਖ਼ੂਨਦਾਨ ਕੈਂਪ ਦਾ ਉਦਘਾਟਨ ਕਰਨ ਉਪਰੰਤ ਉਨ੍ਹਾਂ ਖ਼ੂਨਦਾਨੀਆਂ ਨੂੰ ਸਨਮਾਨਿਤ ਕਰਦਿਆਂ ਉਨ੍ਹਾਂ ਦੀ ਹੌਸਲਾ ਅਫ਼ਜ਼ਾਈ ਕੀਤੀ। ਇਸ ਖ਼ੂਨਦਾਨ ਕੈਂਪ ਦੌਰਾਨ 85 ਯੂਨਿਟ ਤੋਂ ਵੱਧ ਖ਼ੂਨ ਇਕੱਤਰ ਕੀਤਾ ਗਿਆ। ਇਸ ਮੌਕੇ ਮੇਅਰ ਸੁਰਿੰਦਰ ਕੁਮਾਰ, ਨਗਰ ਸੁਧਾਰ ਟਰੱਸਟ ਦੇ ਚੇਅਰਮੈਨ ਹਰਮੀਤ ਸਿੰਘ ਔਲਖ, ਦਿ ਹੁਸ਼ਿਆਰਪੁਰ ਕੋਅਰਪ੍ਰੇਟਿਵ ਸੈਂਟਰਲ ਬੈਂਕ ਦੇ ਚੇਅਰਮੈਨ ਵਿਕਰਮ ਸ਼ਰਮਾ, ਸੀਨੀਅਰ ਡਿਪਟੀ ਮੇਅਰ ਪ੍ਰਵੀਨ ਸੈਣੀ, ਡਿਪਟੀ ਮੇਅਰ ਰਣਜੀਤ ਚੌਧਰੀ, ਸਤਵੰਤ ਸਿੰਘ ਸਿਆਣ, ਕੌਂਸਲਰ ਮੁਖੀ ਰਾਮ, ਵਿਜੇ ਅਗਰਵਾਲ ਤੇ ਬਲਵਿੰਦਰ ਬਿੰਦੀ, ਸਿਵਲ ਸਰਜਨ ਡਾ. ਬਲਵਿੰਦਰ ਕੁਮਾਰ ਡਮਾਣਾ, ਡੀ. ਐਚ. ਓ ਡਾ. ਲਖਬੀਰ ਸਿੰਘ, ਐਸ. ਐਮ. ਓ ਡਾ. ਸਵਾਤੀ ਸ਼ੀਮਾਰ, ਚੰਦਨ ਲੱਕੀ, ਕੁਲਵਿੰਦਰ ਸਿੰਘ ਹੁੰਦਲ, ਅਜੀਤ ਸਿੰਘ ਲੱਕੀ ਤੋਂ ਇਲਾਵਾ ਬਾਬਾ ਫਤਿਹ ਸਿੰਘ ਸੇਵਾ ਸੁਸਾਇਟੀ ਤੋਂ ਅਮਨਪ੍ਰੀਤ ਸਿੰਘ, ਗੌਰਵ ਗੋਰਾ, ਰਿੱਕੀ, ਨੀਰਜ, ਡਾ. ਅਮਰਜੀਤ ਲਾਲ, ਵਿਕਾਸ, ਵੈਸ਼ਾਲੀ ਚੋਪੜਾ, ਕ੍ਰਿਸ਼ਨ ਕੁਮਾਰ ਤੇ ਹੋਰ ਹਾਜ਼ਰ ਸਨ।

ਸੀਚੇਵਾਲ ਨੇ ਅਰਬ ਦੇਸ਼ਾਂ 'ਚ ਫਸੀਆਂ ਪੀੜਤ ਔਰਤਾਂ ਦਾ ਮੁੱਦਾ ਡੀ ਜੀ ਪੀ ਕੋਲ ਉਠਾਇਆ

ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ ਰਾਜਵੀਰ ਸਿੰਘ)-ਵਾਤਾਵਰਣ ਪ੍ਰੇਮੀ ਰਾਜ ਸਭਾ ਮੈਂਬਰ ਪਦਮਸ਼੍ਰੀ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਪੰਜਾਬ ਦੇ ਡੀਜੀਪੀ ਗੌਰਵ ਯਾਦਵ ਨਾਲ ਮੁਲਾਕਾਤ ਕਰਕੇ ਅਰਬ ਦੇਸ਼ਾਂ ਵਿਚ ਫਸੀਆਂ ਪੀੜਤ ਔਰਤਾਂ ਦਾ ਮੁੱਦਾ ਗੰਭੀਰਤਾ ਨਾਲ ਉਠਾਇਆ। ਪੰਜਾਬ ਪੁਲਸ ਦੇ ਹੈਡਕੁਆਰਟਰ ਚੰਡੀਗੜ੍ਹ 'ਚ ਹੋਈ ਇਸ ਲਗਭਗ 25 ਮਿੰਟ ਦੀ ਮੁਲਾਕਾਤ ਦੌਰਾਨ ਸੰਤ ਸੀਚੇਵਾਲ ਨੇ ਦੱਸਿਆ ਕਿ ਮਸਕਟ (ਓਮਾਨ), ਇਰਾਕ ਅਤੇ ਸਾਊਦੀ ਅਰਬ ਵਿੱਚ ਫਸੀਆਂ ਲੱਗਭਗ 52 ਔਰਤਾਂ ਨੂੰ ਉਹ ਉਹਨਾਂ ਵਿਦੇਸ਼ ਮੰਤਰਾਲੇ ਦੇ ਸਹਿਯੋਗ ਨਾਲ ਭਾਰਤੀ ਦੂਤਾਵਾਸ ਰਾਹੀਂ ਸਵਦੇਸ਼ ਲਿਆ ਚੁੱਕੇ ਹਨ। ਉਹਨਾਂ ਕਿਹਾ ਕਿ ਟ੍ਰੈਵਲ ਏਜੰਟ ਪੰਜਾਬ ਦੀਆਂ ਗਰੀਬ ਧੀਆਂ ਭੈਣਾਂ ਨੂੰ ਨਿਸ਼ਾਨਾ ਬਣਾਉਂਦੇ ਹਨ ਅਤੇ ਮੋਟੀਆਂ ਤਨਖਾਹਾਂ ਦਾ ਲਾਲਚ ਦੇ ਕੇ ਉਹਨਾਂ ਨੂੰ ਅਰਬ ਦੇਸ਼ਾਂ ਵਿਚ ਵੇਚ ਰਹੇ ਹਨ। ਸੰਤ ਸੀਚੇਵਾਲ ਨੇ ਡੀਜੀਪੀ ਪੰਜਾਬ ਨੂੰ ਜਾਣੂ ਕਰਵਾਇਆ ਕਿ ਇਹਨਾਂ ਗਰੀਬ ਔਰਤਾਂ ਵਿਚ ਬਹੁਤ ਸਾਰੀਆਂ ਅਨਪੜ੍ਹ ਹੋਣ ਕਰਕੇ ਉਨ੍ਹਾਂ ਕੋਲੋਂ ਅਰਬੀ ਭਾਸ਼ਾ ਵਿੱਚ ਲਿਖੇ ਹਲਫੀਆਂ ਬਿਆਨ ਤੇ ਹਸਤਾਖਰ ਕਰਵਾ ਲਏ ਜਾਂਦੇ ਹਨ ਜਿਨ੍ਹਾਂ ਬਾਰੇ ਉਹਨਾਂ ਨੂੰ ਕੋਈ ਗਿਆਨ ਹੀ ਨਹੀਂ ਹੁੰਦਾ। ਸੰਤ ਸੀਚੇਵਾਲ ਨੇ ਕਿਹਾ ਕਿ ਇਹ ਬਹੁਤ ਹੀ ਗੰਭੀਰ ਤੇ ਚਿੰਤਾ ਵਾਲਾ ਵਿਸ਼ਾ ਜਿਸ ਨੂੰ ਪਹਿਲ ਦੇ ਅਧਾਰ 'ਤੇ ਹੱਲ ਕਰਨ ਦੀ ਲੋੜ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਜਿਹੜੀਆਂ ਔਰਤਾਂ ਇਹਨਾਂ ਦੇਸ਼ਾਂ ਵਿੱਚੋਂ ਵਾਪਿਸ ਪਰਤੀਆਂ ਹਨ ਉਹਨਾਂ ਵੱਲੋ ਰੌਂਗਟੇ ਖੜ੍ਹੇ ਕਰਨ ਵਾਲੀਆਂ ਦੱਸੀਆਂ ਘਟਨਾਵਾਂ ਸੁਣ ਨਹੀਂ ਹੁੰਦੀਆਂ। ਸੰਤ ਸੀਚੇਵਾਲ ਵੱਲੋਂ ਕੁੱਝ ਏਜੰਟਾਂ ਦੀ ਲਿਸਟ ਡੀਜੀਪੀ ਪੰਜਾਬ ਨੂੰ ਸੌਂਪਦਿਆ ਹੋਇਆ ਦੱਸਿਆ ਗਿਆ ਕਿ ਇਹ ਉਹ ਏਜੰਟ ਹਨ ਜਿਹਨਾਂ ਵੱਲੋ ਲਗਾਤਾਰ ਲੜਕੀਆਂ ਦੀ ਮਜਬੂਰੀ ਦਾ ਫਾਇਦਾ ਉਠਾਉਂਦਿਆਂ ਹੋਇਆਂ ਉੱਥੇ ਫਸਾ ਰਹੇ ਹਨ। ਸੰਤ ਸੀਚੇਵਾਲ ਨੇ ਦੱਸਿਆ ਕਿ ਡੀਜੀਪੀ ਪੰਜਾਬ ਗੌਰਵ ਯਾਦਵ ਨੇ ਭਰੋਸਾ ਦਿੱਤਾ ਕਿ ਉਹ ਜਲਦੀ ਹੀ ਇਸ ਬਾਰੇ ਨੋਡਲ ਅਫਸਰ ਦੀ ਨਿਯੁਕਤੀ ਕਰਨਗੇ ਜਿਹੜੇ ਸਿਰਫ ਠੱਗ ਟ੍ਰੈਵਲ ਏਜੰਟਾਂ ਬਾਰੇ ਪੁਣਛਾਣ ਕਰਕੇ ਕਾਰਵਾਈ ਕਰਨਗੇ। ਉਹਨਾਂ ਨੇ ਜਲੰਧਰ ਰੇਂਜ ਦੇ ਡੀਆਈਜੀ ਸਵਪਨ ਸ਼ਰਮਾ ਸਮੇਤ ਜਲੰਧਰ ਦਿਹਾਤੀ ਪੁਲਸ ਦੇ ਸੀਨੀਅਰ ਅਧਿਕਾਰੀ ਨੂੰ ਇਹ ਜਿੰਮੇਵਾਰੀ ਸੌਂਪਣ ਦਾ ਭਰੋਸਾ ਵੀ ਦਿੱਤਾ।

ਇੰਦਰਜੀਤ ਕੌਰ ਮਾਨ ਨੇ ਲਗਾਇਆ ਖ਼ੂਨਦਾਨ ਕੈਂਪ

ਕਾਲਾ ਸੰਘਿਆਂ (ਮਨਜੀਤ ਮਾਨ) ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਜਨਮ ਦਿਨ ਦੇ ਮੌਕੇ 'ਤੇ ਇੱਕ ਵਿਸ਼ਾਲ ਖ਼ੂਨਦਾਨ ਕੈਂਪ ਸਿਵਲ ਹਸਪਤਾਲ ਨਕੋਦਰ ਵਿਖੇ ਲਗਾਇਆ ਗਿਆ, ਜਿਸ ਦਾ ਉਦਘਾਟਨ ਨਕੋਦਰ ਦੇ ਐਮ ਐਲ ਏ ਮੈਡਮ ਇੰਦਰਜੀਤ ਕੌਰ ਮਾਨ ਨੇ ਕੀਤਾ। ਮੈਡਮ ਨੇ ਕਿਹਾ ਕਿ ਖ਼ੂਨਦਾਨ ਮਹਾਨ ਦਾਨ ਹੈ ਇਸ ਨਾਲ ਕਈ ਕੀਮਤੀ ਜਾਨਾਂ ਬਚਾਈਆਂ ਜਾ ਸਕਦੀਆਂ ਹਨ। ਕੇਕ ਕੱਟ ਕੇ ਮੁੱਖ ਮੰਤਰੀ ਭਗਵੰਤ ਸਿੰਘ ਦੇ ਦਾ ਜਨਮ ਦਿਨ ਵੀ ਮਨਾਇਆ ਗਿਆ। ਇਸ ਮੌਕੇ ਤੇ ਭਾਰੀ ਗਿਣਤੀ ਵਿੱਚ ਹਲਕੇ ਦੇ ਵਲੰਟੀਅਰ ਸ਼ਾਮਿਲ ਸਨ, ਜਿਨ੍ਹਾਂ ਵਿੱਚ ਜਸਵੀਰ ਸਿੰਘ ਧੰਜਲ ਬਲਾਕ ਪ੍ਰਧਾਨ ,ਪ੍ਰਦੀਪ ਬਲਾਕ ਪ੍ਰਧਾਨ, ਅਸਵਨੀ ਕੋਹਲੀ ਸਾਬਕਾ ਵਾਈਸ ਪ੍ਰੈਸੀਡੈਂਟ ਨਗਰ ਕੌਂਸਲ, ਸ਼ਾਂਤੀ ਸਰੂਪ ਜ਼ਿਲ੍ਹਾ ਸਕੱਤਰ ਐਸਸੀ ਐਸਟੀ ਵਿੰਗ ,ਸੁਰਿੰਦਰ ਕੁਮਾਰ ਉੱਗੀ ਬਲਾਕ ਪ੍ਰਧਾਨ ,ਬਲਦੇਵ ਸਹੋਤਾ ,ਦਰਸ਼ਨ ਸਿੰਘ ਟਾਹਲੀ ਜ਼ਿਲ੍ਹਾ ਪ੍ਰੀਸ਼ਦ ਵਾਈਸ ਪ੍ਰਧਾਨ , ਸੋਨੂ ਖੀਵਾ ,ਅਮਰ ਸਿੰਘ ਟਾਹਲੀ ,ਕੁਲਦੀਪ ਸਿੰਘ ਕਾਂਗਣਾ,ਸੰਜੀਵ ਅਹੂਜਾ, ਸੰਜੀਵ ਟਕੱਰ,ਬੌਬੀ ਸ਼ਰਮਾ ,ਲਖਵੀਰ ਸਿੰਘ ਓਪਲ ,ਅਮਨਪ੍ਰੀਤ ਸਿੰਘ ,ਹਰਪ੍ਰੀਤ ਹੈਪ੍ਰੀ ,ਸਨੀ ਸੈਦੂਪੁਰ, ਜਤਿੰਦਰ ਸਿੰਘ ਟਾਹਲੀ ,ਗੁਲਸ਼ਨ ਪੀ ਏ ਐਮਐਲਏ , ਪਰਮਜੀਤ ਰਾਮੇਵਾਲ ,ਮੰਗਜੀਤ ਸਿੰਘ , ਅਜੀਤ ਸਿਧਮ ,ਵੇਦ ਪ੍ਰਕਾਸ਼ ਸਿਧਮ ,ਦਵਿੰਦਰ ਚਾਹਲ ,ਪਰਮਜੀਤ ਚਾਹਲ ,ਮਨੀ ਮਹਿੰਦਰੂ, ਜੀਵਨ ਸਹੋਤਾ ਆਦਿ ਹਾਜ਼ਰ ਸਨ।

ਸ੍ਰੀ ਬਾਲਾ ਜੀ ਸੇਵਾ ਸੰਘ ਵੱਲੋਂ 2 ਐਂਬੂਲੈਂਸਾਂ ਮੁਹੱਈਆ

ਫਿਲੌਰ (ਨਿਰਮਲ) -ਸ੍ਰੀ ਬਾਲਾ ਜੀ ਸੇਵਾ ਸੰਘ ਫਿਲੌਰ ਵੱਲੋਂ 2 ਐਂਬੂਲੈਂਸਾਂ ਮੁੱਹਈਆ

ਕਰਵਾਈਆਂ ਗਈਆਂ। ਲੱਕੜ ਮੰਡੀ ਵਿਖੇ ਸੰਘ ਵੱਲੋਂ ਸਰਬੱਤ ਦੇ ਭਲੇ ਲਈ ਸ੍ਰੀ ਬਾਲਾ ਜੀ ਦਾ ਸੱਤਸੰਗ ਆਯੋਜਿਤ ਕੀਤਾ ਗਿਆ। ਉਪਰੰਤ ਆਮ ਆਦਮੀ ਪਾਰਟੀ ਫਿਲੌਰ ਦੇ ਇੰਚਾਰਜ ਪ੍ਰਿੰਸੀਪਲ ਪ੍ਰੇਮ ਕੁਮਾਰ ਨੇ ਐਂਬੂਲੈਂਸ ਸੇਵਾਵਾਂ ਦੀ ਸ਼ੁਰੂਆਤ ਕਰਵਾਈ। ਉਨ੍ਹਾਂ ਕਿਹਾ ਕਿ ਸੰਘ ਵੱਲੋਂ ਐਂਬੂਲੈਂਸਾਂ ਦੀਆਂ ਸੇਵਾਵਾਂ ਮੁੱਹਈਆ ਕਰਵਾਕੇ ਆਮ ਵਰਗ ਲਈ ਵੱਡਾ ਯੋਗ ਉਪਰਾਲਾ ਕੀਤਾ ਹੈ। ਇਨ੍ਹਾਂ ਸੇਵਾਵਾਂ ਰਾਹੀਂ ਕਈ ਕੀਮਤੀ ਜਾਨਾਂ ਨੂੰ ਬਚਾਇਆ ਜਾ ਸਕਦਾ ਹੈ। ਇਸ ਮੌਕੇ ਸੰਘ ਦੇ ਪ੍ਰਧਾਨ ਸਮਾਜ ਸੇਵੀ ਰਿੰਕਾ ਪਾਸੀ ਨੇ ਦੱਸਿਆ ਕਿ ਨਾਮਾਤਰ ਖਰਚੇ 'ਤੇ ਇਨ੍ਹਾਂ ਐਂਬੂਲੈਂਸਾਂ ਨੂੰ ਲੋੜਵੰਦ ਵਿਅਕਤੀ 9217100786 ਨੰਬਰ ਡਾਇਲ ਕਰਕੇ ਸੇਵਾਵਾਂ ਹਾਸਲ ਕਰ ਸਕਦੇ ਹਨ। ਇਸ ਤੋਂ ਇਲਾਵਾ ਆਟੋਮੈਟਿਕ ਆਕਸੀਜਨ ਕਨਸੈਨਟਰੇਟਰ, ਮਰੀਜ ਵਾਸਤੇ ਫੋਲਡਿੰਗ ਬੈਡ, ਏਅਰ ਮੇਟਰ,ਸਟਿੱਕ,ਵੀਅਰ ਚੇਅਰਾਂ ਫਰੀ ਮੁੱਹਈਆ ਹਨ। ਇਸ ਮੌਕੇ ਸ੍ਰੀਮਤੀ ਵੀਨਾ ਪਾਸੀਂ,ਯਸਪਾਲ ਗਿੰਢਾ ਕੌਂਸਲਰ, ਡਾ.ਵੈਭਵ ਸ਼ਰਮਾ ਕੌਂਸਲਰ, ਸੁਰਿੰਦਰ ਪਾਲ ਬੱਛੋਵਾਲ, ਸਮਾਜ ਸੇਵੀ ਸਤੀਸ਼ ਗੁਪਤਾ, ਹਰਕਮਲ ਸਿੰਘ ਬੇਗਮਪੁਰ, ਮੋਤੀ ਪਾਸੀ, ਡਾ.ਦੁਰਗੇਸ ਭਾਰਦਵਾਜ,ਰਾਜੂ ਭੱਲਾ,ਸੰਜੀਵ ਸਹਿਗਲ,ਮਿੰਕੂ ਸਰਮਾ, ਰਾਜੀਵ ਕੋਸ਼ਿਕ,ਸਨਮ ਭੱਲਾ,ਸਟੇਵੀ ਭੰਡਾਰੀ,ਨੰਦਨ ਲੂਥਰਾ, ਦੀਪਾ ਬਕਾਪੁਰ ਅਤੇ ਹੋਰ ਹਾਜਰ ਸਨ।

ਕਾਂਗਰਸ 'ਚ ਸ਼ਾਮਲ ਹੋਣ ਦੀ ਇੱਛਾ ਜ਼ਾਹਰ ਕਰਨ ਵਾਲੇ ਸਿਆਸਤਦਾਨਾਂ ਦੀ ਲਹਿਰ ਦਾ ਨਿੱਘਾ ਸਵਾਗਤ : ਰਾਜਾ ਵੜਿੰਗ

ਚੰਡੀਗੜ੍ਹ, (ਗੁਰਜੀਤ ਬਿੱਲਾ)— ਪੰਜਾਬ ਦੇ ਸਿਆਸੀ ਦ੍ਰਿਸ਼ ਵਿੱਚ ਇੱਕ ਮਹੱਤਵਪੂਰਨ ਤਬਦੀਲੀ ਦੇਖਣ ਨੂੰ ਮਿਲੀ ਜਦੋਂ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ (ਪੀ.ਪੀ.ਸੀ.ਸੀ.) ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕਾਂਗਰਸ ਪਾਰਟੀ ਵਿੱਚ ਸ਼ਾਮਲ ਹੋਣ ਦੀ ਇੱਛਾ ਜਾਹਿਰ ਕਰਨ ਵਾਲੇ ਸਿਆਸਤਦਾਨਾਂ ਦੀ ਇੱਕ ਲਹਿਰ ਦਾ ਨਿੱਘਾ ਸਵਾਗਤ ਕੀਤਾ। ਖਾਸ ਤੌਰ 'ਤੇ, ਇਹਨਾਂ ਵਿੱਚੋਂ ਬਹੁਤ ਸਾਰੇ ਵਿਅਕਤੀਆਂ ਨੇ ਭਾਰਤੀ ਜਨਤਾ ਪਾਰਟੀ (ਭਾਜਪਾ) ਅਤੇ ਲੋਕ ਇਨਸਾਫ ਪਾਰਟੀ ਸਮੇਤ ਪਿਛਲੀਆਂ ਸਿਆਸੀ ਪਾਰਟੀਆਂ ਨਾਲ ਆਪਣੇ ਸਬੰਧਾਂ ਨੂੰ ਤਿਆਗ ਦਿੱਤਾ ਸੀ।ਇਹ ਸ਼ਮੂਲੀਅਤ ਅਜਿਹੇ ਸਮੇਂ ਵਿੱਚ ਹੋਈ ਹੈ ਜਦੋਂ ਪੰਜਾਬ ਦੇ ਵੱਖ-ਵੱਖ ਸੀਨੀਅਰ ਆਗੂਆਂ ਜਿਨ੍ਹਾਂ ਵਿੱਚ ਸਾਬਕਾ ਕੈਬਨਿਟ ਮੰਤਰੀ ਬਲਬੀਰ ਸਿੱਧੂ, ਗੁਰਪ੍ਰੀਤ ਕਾਂਗੜ ਅਤੇ ਰਾਜ ਕੁਮਾਰ ਵੇਰਕਾ, ਸਾਬਕਾ ਵਿਧਾਇਕ ਮਹਿੰਦਰ ਰਿਣਵਾ, ਹੰਸ ਰਾਜ ਜੋਸਨ ਅਤੇ ਜੀਤ ਮਹਿੰਦਰ ਸਿੱਧੂ, ਕਮਲਜੀਤ ਢਿੱਲੋਂ ਸਾਬਕਾ ਵਿਧਾਇਕ ਅਮਰੀਕ ਸਿੰਘ ਢਿੱਲੋਂ ਦੇ ਪੁੱਤਰ ਅਮਰਜੀਤ ਸਿੰਘ ਸਿੰਘ ਸਿੱਧੂ (ਮੇਅਰ ਮੁਹਾਲੀ) ਸਾਮਿਲ ਸਨ, ਨੇ ਕੁਝ ਦਿਨ ਪਹਿਲਾਂ ਪਾਰਟੀ ਵਿੱਚ ਸਾਮਲ ਹੋਣ ਦੀ ਇੱਛਾ ਪ੍ਰਗਟਾਈ ਸੀ।

ਲੋਕ ਇਨਸਾਫ ਪਾਰਟੀ ਦੇ ਆਗੂਆਂ ਦੀ ਆਮਦ ਵਿਸੇਸ ਤੌਰ 'ਤੇ ਦੇਖਣ ਨੂੰ ਮਿਲੀ। ਜਨਰਲ ਸਕੱਤਰਾਂ, ਸਕੱਤਰਾਂ, ਵਾਰਡ ਇੰਚਾਰਜਾਂ ਅਤੇ ਹੋਰ ਪ੍ਰਮੁੱਖ ਅਧਿਕਾਰੀਆਂ ਨੇ ਕਾਂਗਰਸ ਨਾਲ ਗੱਠਜੋੜ ਕਰਨ ਦਾ ਐਲਾਨ ਕੀਤਾ। ਲੋਕ ਇਨਸਾਫ ਪਾਰਟੀ ਤੋਂ ਕਾਂਗਰਸ ਵਿੱਚ ਤਬਦੀਲੀ ਕਰਨ ਵਾਲੇ ਪ੍ਰਮੁੱਖ ਮੈਂਬਰਾਂ ਵਿੱਚ ਗੁਰਮੀਤ ਸਿੰਘ ਮੁੰਡੀਆ, ਹਰਜਾਪ ਸਿੰਘ ਗਿੱਲ, ਮਹਿਫੂਸ ਸਲਮਾਨੀ, ਕੁਲਵੀਰ ਸਿੰਘ ਹੰਜੂ, ਰਜਿੰਦਰ ਸਿੰਘ ਰਾਜੂ ਨਾਮਧਾਰੀ, ਕੁਲਵਿੰਦਰ ਸਿੰਘ ਸਿੱਧੂ, ਗੁਰਚਰਨ ਸਿੰਘ ਭੁੱਲਰ, ਮਹਿਮੂਦ ਅਸਲਮ, ਸੁਖਦੇਵ ਸਿੰਘ ਮੁੰਡੀ, ਡਾ. ਕਮਲਜੀਤ ਸਿੰਘ, ਬਾਬਾ ਚਮਕੌਰ ਸਿੰਘ, ਹੈਪੀ ਕੌਂਸਲਰ,

19-Oct-PAGE-9.qxd 10/18/2023 10:42 PM Page 1

'ਵਰਸਿਟੀ ਯੂਥ ਫੈਸਟੀਵਲ 'ਚੋਂ ਰਨਰਅੱਪ ਟਰਾਫੀ ਜਿੱਤਣ 'ਤੇ ਵਿਦਿਆਰਥੀਆਂ ਦਾ ਸਨਮਾਨ

ਸੁਲਤਾਨਪੁਰ ਲੋਧੀ (ਹਨੀ) ਸ੍ਰੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਆਯੋਜਿਤ ਯੂਥ ਫੈਸਟੀਵਲ ਡੀ ਜ਼ੋਨ ਬੀ ਡਵੀਜਨ 'ਚੋਂ ਸੈਕਿੰਡ ਰਨਰਅੱਪ ਟਰਾਫੀ ਤੇ ਹੋਰ ਕਈ ਆਈਟਮਾਂ 'ਚੋਂ ਵੱਖ ਵੱਖ ਪੁਜੀਸ਼ਨਾਂ ਹਾਸਲ ਕਰਕੇ ਪਰਤੇ ਗੁਰੂ ਨਾਨਕ ਖਾਲਸਾ ਕਾਲਜ ਸੁਲਤਾਨਪੁਰ ਲੋਧੀ ਦੇ ਵਿਦਿਆਰਥੀਆਂ ਦਾ ਕਾਲਜ ਸਟਾਫ ਤੇ ਵਿਦਿਆਰਥੀਆਂ ਵੱਲੋਂ ਨਿੱਘਾ ਸਵਾਗਤ ਕੀਤਾ ਗਿਆ ਤੇ ਉਨ੍ਹਾਂ ਦੇ ਸਨਮਾਨ ਵਜੋਂ ਸਮਾਗਮ ਆਯੋਜਿਤ ਕੀਤਾ ਗਿਆ। ਇਸ ਸਮੇ ਸੈਕਿੰਡ ਰਨਰਅੱਪ ਟਰਾਫੀ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਦਾ ਗੁਰੂ ਨਾਨਕ ਖਾਲਸਾ ਕਾਲਜ ਦੇ ਪ੍ਰਧਾਨ ਇੰਜ. ਸਵਰਨ ਸਿੰਘ ਤੇ ਕਾਲਜ ਪ੍ਰਬੰਧਕ ਕਮੇਟੀ ਦੀ ਸਕੱਤਰ ਬੀਬੀ ਗੁਰਪ੍ਰੀਤ ਕੌਰ ਰੂਹੀ ਨੇ ਵਿਸ਼ੇਸ਼ ਸਨਮਾਨ ਕੀਤਾ। ਇੰਜ. ਸਵਰਨ ਸਿੰਘ ਨੇ ਇਸ ਮਾਣਮੱਤੀ ਪ੍ਰਾਪਤੀ 'ਤੇ ਖੁਸ਼ੀ ਦਾ ਪ੍ਰਗਟਾਵਾ ਕਰਦੇ ਹੋਏ ਸਮੂਹ ਵਿਦਿਆਰਥੀਆਂ ਨੂੰ ਜਿੱਥੇ ਵਧਾਈ ਦਿੱਤੀ, ਉੱਥੇ ਯੂਥ ਫੈਸਟੀਵਲ ਇੰਚਾਰਜ ਪ੍ਰੋ. ਗੁਰਪ੍ਰੀਤ ਕੌਰ ਤੇ ਉਨ੍ਹਾਂ ਦੀ ਮਿਹਨਤੀ ਟੀਮ ਦਾ ਧੰਨਵਾਦ ਕੀਤਾ। ਇਸ ਸਮੇ ਮੈਂਬਰ ਸ਼੍ਰੋਮਣੀ ਕਮੇਟੀ ਬੀਬੀ ਗੁਰਪ੍ਰੀਤ ਕੌਰ ਨੇ ਕਿਹਾ ਕਿ ਕਾਲਜ ਦੇ ਸਮੂਹ ਸਟਾਫ ਤੇ ਵਿਦਿਆਰਥੀਆਂ ਦੀ ਮਿਹਨਤ ਸਦਕਾ ਹੀ ਇਹ ਮਾਨ ਸਨਮਾਨ ਮਿਲਿਆ ਹੈ ।

ਪ੍ਰੋ. ਗੁਰਪ੍ਰੀਤ ਕੌਰ ਇੰਚਾਰਜ ਯੂਥ ਫੈਸਟੀਵਲ ਨੇ ਹੋਰ ਦੱਸਿਆ ਕਿ ਗੁਰੂ ਨਾਨਕ ਖਾਲਸਾ ਕਾਲਜ ਸੁਲਤਾਨਪੁਰ ਲੋਧੀ ਦੇ ਵਿਦਿਆਰਥੀਆਂ ਵੱਲੋਂ ਯੂਨੀਵਰਸਿਟੀ ਵਿਚੋਂ ਸੈਕਿੰਡ ਰਨਰ ਅੱਪ ਟਰਾਫੀ ਜਿੱਤਣ ਤੋਂ ਇਲਾਵਾ ਕਲਾਸੀਕਲ ਇੰਸਟ੍ਰੂਮੈਂਟ ਨਾਨ ਪ੍ਰਕਸ਼ਨ 'ਚੋਂ ਪਹਿਲਾ ਸਥਾਨ, ਕਲਾਸੀਕਲ ਇੰਸਟ੍ਰੂਮੈਂਟ ਪ੍ਰਕਸ਼ਨ 'ਚੋਂ ਦੂਜਾ ਸਥਾਨ, ਗਿੱਧਾ ਮੁਕਾਬਲੇ 'ਚੋਂ ਦੂਜਾ ਸਥਾਨ, ਕਾਰਟੂਨਿੰਗ ਮੁਕਾਬਲੇ 'ਚੋਂ ਦੂਜਾ ਸਥਾਨ, ਫੋਕ ਆਰਕੈਸਟਰਾ 'ਚੋਂ ਦੂਜਾ ਸਥਾਨ, ਡਿਬੇਟ 'ਚੋਂ ਵੀ ਦੂਜਾ ਸਥਾਨ ਯੂਨੀਵਰਸਿਟੀ 'ਚੋਂ ਪ੍ਰਾਪਤ ਕੀਤਾ। ਇਸ ਮੌਕੇ ਇੰਜ. ਹਰਨਿਆਮਤ ਕੌਰ, ਇੰਜ. ਨਿਮਰਤਾ ਕੌਰ, ਕਾਲਜ ਦੀ ਪ੍ਰਿੰਸੀਪਲ ਜਸਬੀਰ ਕੌਰ, ਅਜਮੇਰ ਸਿੰਘ, ਸੁਖਪਾਲ ਸਿੰਘ, ਡਾ. ਮਨੀ ਛਪਾੜਾ, ਗੁਰਪ੍ਰੀਤ ਕੌਰ, ਸ਼ਿਲਪਾ, ਅਰਸ਼ਪ੍ਰੀਤ ਕੌਰ, ਸੰਦੀਪ ਕੌਰ, ਰਿਛੂ ਬਾਲਾ, ਜਸਵੀਰ ਕੌਰ, ਹਰਪ੍ਰੀਤ ਸਿੰਘ, ਜਸਪ੍ਰੀਤ ਕੌਰ, ਰਾਜਪ੍ਰੀਤ ਕੌਰ, ਰਾਜਦੀਪ ਕੌਰ ਜੋਸਣ ਨੇ ਵੀ ਸ਼ਿਰਕਤ ਕੀਤੀ।

ਕੁਲਭੂਸ਼ਣ ਸ਼ਰਮਾ ਨੇ ਰੈੱਡ ਕਰਾਸ ਦੇ 'ਸਾਂਝੀ ਰਸੋਈ' ਪ੍ਰੋਜੈਕਟ 'ਚ ਪਾਇਆ ਯੋਗਦਾਨ

ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ) ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਵੱਲੋਂ ਮੁਹੱਲਾ ਈਸ਼ ਨਗਰ, ਹੁਸ਼ਿਆਰਪੁਰ ਵਿਖੇ ਚਲਾਇਆ ਜਾ ਰਿਹਾ 'ਸਾਂਝੀ ਰਸੋਈ' ਪ੍ਰੋਜੈਕਟ ਡਿਪਟੀ ਕਮਿਸ਼ਨਰ-ਕਮ-ਪ੍ਰਧਾਨ ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਕੋਮਲ ਮਿੱਤਲ ਦੀ ਰਹਿਨੁਮਾਈ ਅਤੇ ਯੋਗ ਅਗਵਾਈ ਹੇਠ ਬਹੁਤ ਹੀ ਸਫਲਤਾ ਪੂਰਵਕ ਚੱਲ ਰਿਹਾ ਹੈ, ਜਿਸ ਦਾ ਰੋਜ਼ਾਨਾ 400 ਤੋਂ 500 ਗਰੀਬ/ਲੋੜਵੰਦ/ਬੇਘਰੇ ਵਿਅਕਤੀ ਲਾਭ ਪ੍ਰਾਪਤ ਕਰ ਰਹੇ ਹਨ। ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਦੇ ਸਕੱਤਰ ਮੰਗੇਸ਼ ਸੂਦ ਨੇ ਦੱਸਿਆ ਕਿ ਇਸ ਪ੍ਰੋਜੈਕਟ ਦੀ ਸਫਲਤਾ ਲਈ ਸਾਬਕਾ ਸਰਪੰਚ ਸੰਘਵਾਲ ਕੁਲਭੂਸ਼ਣ ਸ਼ਰਮਾ ਵੱਲੋਂ ਆਪਣੇ ਪਰਵਾਰਕ ਮੈਂਬਰਾਂ ਪੂਨਮ ਸ਼ਰਮਾ, ਸੁਨੀਲ ਕੁਮਾਰ ਅਤੇ ਸੋਨਾਲੀ ਭਾਰਦਵਾਜ ਨਾਲ ਮਿਲ ਕੇ ਸਾਂਝੀ ਰਸੋਈ ਨੂੰ 5100 ਰੁਪਏ ਦੀ ਰਕਮ ਦਾਨ ਵਜੋਂ ਮੁਹੱਈਆ ਕਰਵਾਈ ਗਈ ਹੈ। ਇਸ ਮੌਕੇ ਰੈੱਡ ਕਰਾਸ ਸੁਸਾਇਟੀ ਦੇ ਮੈਂਬਰ ਰਾਜੀਵ ਬਜਾਜ, ਸਨੇਹ ਜੈਨ ਅਤੇ ਲੇਖਾਕਾਰ ਸਰਬਜੀਤ ਹਾਜ਼ਰ ਸਨ।

ਸਕੱਤਰ ਮੰਗੇਸ਼ ਸੂਦ ਨੇ ਦੱਸਿਆ ਕਿ ਜ਼ਿਲ੍ਹਾ ਰੈੱਡ ਕਰਾਸ ਵੱਲੋਂ ਚਲਾਇਆ ਜਾ ਰਿਹਾ ਇਹ ਪ੍ਰੋਜੈਕਟ ਜ਼ਿਲ੍ਹੇ ਦੇ ਦਾਨੀ ਸੱਜਣਾਂ/ਸਮਾਜ ਸੇਵਕਾਂ ਵਲੋਂ ਦਾਨ ਵਜੋਂ ਮੁਹੱਈਆ ਕੀਤੇ ਜਾ ਰਹੇ ਫੰਡਾਂ ਦੁਆਰਾ ਹੀ ਚਲਾਇਆ ਜਾ ਰਿਹਾ ਹੈ। ਉਨ੍ਹਾਂ ਇਸ ਪ੍ਰੋਜੈਕਟ ਨੂੰ ਲਗਾਤਾਰ ਚਾਲੂ ਰੱਖਣ ਲਈ ਜ਼ਿਲ੍ਹਾ ਹੁਸ਼ਿਆਰਪੁਰ ਦੇ ਦਾਨੀ ਸੱਜਣਾਂ/ਸਮਾਜ ਸੇਵਕਾਂ ਨੂੰ ਪੁਰਜ਼ੋਰ ਅਪੀਲ ਕੀਤੀ ਕਿ ਇਸ ਪ੍ਰੋਜੈਕਟ ਦੀ ਸਫਲਤਾ ਲਈ ਉਹ ਆਪਣਾ ਵੱਡਮੁੱਲਾ ਸਹਿਯੋਗ ਦੇਣ।

ਪੰਜਾਬੀ ਨੂੰ ਰੁਜ਼ਗਾਰ ਦੀ ਭਾਸ਼ਾ ਬਣਾਇਆ ਜਾਵੇ : ਸੰਧੂ ਵਰਿਆਣਵੀ

ਬਹਿਰਾਮ (ਅਵਤਾਰ ਕਲੇਰ) ਪੰਜਾਬੀ ਲੇਖਕ ਸਭਾ (ਸੇਖੋਂ) ਦੇ ਜਨਰਲ ਸਕੱਤਰ ਪ੍ਰੋ. ਸੰਧੂ ਵਰਿਆਣਵੀ ਨੇ ਇੱਥੇ ਕਿਹਾ ਕਿ ਜੇਕਰ ਪੰਜਾਬ ਸਰਕਾਰ ਨੇ ਪੰਜਾਬ 'ਚ ਪੰਜਾਬੀਆਂ ਲਈ ਵਧੇਰੇ ਰੁਜ਼ਗਾਰ ਦੇ ਮੌਕੇ ਪੈਦਾ ਕਰਨੇ ਹਨ ਤਾਂ ਉਹਨਾਂ ਨੂੰ ਸਭ ਤੋਂ ਪਹਿਲਾਂ ਵਿੱਦਿਆ ਦਾ ਮਾਧਿਅਮ ਪੰਜਾਬੀ ਭਾਸ਼ਾ ਨੂੰ ਬਣਾਇਆ ਜਾਣਾ ਚਾਹੀਦਾ ਹੈ ਅਤੇ ਇਸ ਨੂੰ ਰੁਜ਼ਗਾਰ ਨਾਲ ਜੋੜਣਾ ਚਾਹੀਦਾ ਹੈ।

ਉਹਨਾਂ ਸਰਕਾਰ ਦੇ ਸ਼ਾਸ਼ਨ, ਪ੍ਰਸ਼ਾਸ਼ਨ, ਵਿੱਦਿਅਕ ਅਤੇ ਨਿਆਇਕ ਅਦਾਰਿਆਂ 'ਚ ਪੰਜਾਬੀ ਭਾਸ਼ਾ 'ਚ ਕੰਮ ਕਰਨ ਦੀ ਲੋੜ 'ਤੇ ਵੀ ਜ਼ੋਰ ਦਿੱਤਾ। ਉਹ ਦੁਬਈ ਵਿਖੇ ਪੰਜਾਬੀ ਭਾਸ਼ਾ ਦੇ ਸੰਬੰਧ 'ਚ ਹੋਈ ਵਿਸ਼ਵ ਪੰਜਾਬੀ ਕਾਨਫਰੰਸ 'ਚ ਹਿੱਸਾ ਲੈਣ ਤੋਂ ਬਾਅਦ ਇੱਥੇ ਪੁੱਜੇ ਸਨ। ਉਹਨਾਂ ਦੱਸਿਆ ਕਿ ਪੰਜਾਬ ਸਰਕਾਰ ਨੂੰ ਭੇਜੇ ਮੰਗ ਪੱਤਰ 'ਚ ਸੂਬੇ ਅੰਦਰ ਲਾਇਬ੍ਰੇਰੀ ਕਾਨੂੰਨ ਪਾਸ ਕਰਕੇ ਪੇਂਡੂ ਖਿੱਤੇ ਵਿੱਚ ਲਾਇਬ੍ਰੇਰੀਆਂ ਖੋਲ੍ਹਣ, ਸਰਕਾਰੀ ਨੌਕਰੀਆਂ ਅਤੇ ਦਾਖਲਿਆਂ ਦੇ ਸਾਰੇ ਇਮਤਿਹਾਨ ਪੰਜਾਬੀ 'ਚ ਲਏ ਜਾਣ, ਭਾਸ਼ਾ ਵਿਭਾਗ ਨੂੰ ਭਰਵੇਂ ਵੰਡ ਦੇ ਕੇ ਖੋਜ ਕਾਰਜ ਅਰੰਭੇ ਜਾਣ ਬਾਰੇ ਲਿਖਿਆ ਗਿਆ ਹੈ। ਇਸ ਮੌਕੇ ਉਹਨਾਂ ਨਾਲ ਦੇਸ ਰਾਜ ਬਾਲੀ, ਹਰੀ ਕ੍ਰਿਸ਼ਨ ਪਟਵਾਰੀ, ਰੇਸ਼ਮ ਕਰਨਾਣਵੀ, ਸੁੱਚਾ ਰਾਮ ਜਾਡਲਾ, ਹਰਮਿੰਦਰ ਹੈਰੀ ਆਦਿ ਵੀ ਹਾਜ਼ਰ ਸਨ।

ਸੜਕ ਹਾਦਸੇ 'ਚ ਇੱਕ ਦੀ ਮੌਤ, 5 ਜ਼ਖ਼ਮੀ

ਫਿਲੌਰ (ਨਿਰਮਲ) ਮੰਗਲਵਾਰ ਦੇਰ ਰਾਤ ਹਾਈਵੇ 'ਤੇ ਹੋਏ ਸੜਕ ਹਾਦਸੇ ਦੌਰਾਨ ਇੱਕ ਵਿਅਕਤੀ ਦੀ ਮੌਤ ਹੋ ਗਈ ਜਦੋਂਕਿ 5 ਹੋਰ ਜਖ਼ਮੀ ਹੋ ਗਏ। ਜਖ਼ਮੀਆਂ ਨੂੰ ਸਿਵਲ ਹਸਪਤਾਲ ਫਿਲੌਰ ਵਿਖੇ ਦਾਖਲ ਕਰਵਾਇਆ ਗਿਆ। ਹਾਦਸੇ ਦੀ ਸੂਚਨਾ ਮਿਲਦਿਆਂ ਹੀ ਪੁਲਸ ਮੌਕੇ 'ਤੇ ਪੁੱਜ ਕੇ ਕਾਰਵਾਈ ਸ਼ੁਰੂ ਕਰ ਦਿੱਤੀ। ਇਸ ਹਾਦਸੇ ਦੀ ਜਾਣਕਾਰੀ ਦਿੰਦੇ ਹੋਏ ਚਰਨਜੀਤ ਨੇ ਦੱਸਿਆ ਕਿ ਸੜਕ 'ਤੇ ਇਕ ਗੈਸ ਕੈਂਟਰ ਖੜ੍ਹਾ ਸੀ, ਜਿਸ ਦਾ ਡਰਾਈਵਰ ਚਾਹ ਪੀਣ ਲਈ ਢਾਬੇ 'ਤੇ ਬੈਠਾ ਸੀ। ਇਸ ਦੌਰਾਨ ਫਗਵਾੜਾ ਤੋਂ ਲੁਧਿਆਣਾ ਵੱਲ ਜਾ ਰਹੇ ਆਟੋ ਡਰਾਈਵਰ ਨੇ ਕੈਂਟਰ ਦੇ ਪਿਛਲੇ ਹਿੱਸੇ ਨੂੰ ਟੱਕਰ ਮਾਰ ਦਿੱਤੀ, ਜਿਸ ਕਾਰਨ ਆਟੋ ਕੈਂਟਰ 'ਚ ਫਸ ਗਿਆ। ਟੱਕਰ ਨਾਲ ਇੱਕ ਵਿਅਕਤੀ ਦੀ ਮੌਕੇ 'ਤੇ ਹੀ ਮੌਤ ਹੋ ਗਈ ਜਦਕਿ 5 ਲੋਕ ਗੰਭੀਰ ਰੂਪ 'ਚ ਜਖਮੀ ਹੋ ਗਏ, ਜਿਨ੍ਹਾਂ ਨੂੰ 108 ਐਂਬੂਲੈਂਸ ਦੀ ਮਦਦ ਨਾਲ ਸਿਵਲ ਹਸਪਤਾਲ ਫਿਲੌਰ ਭੇਜਿਆ ਗਿਆ।

ਜਿੱਥੋਂ ਇੱਕ ਦੀ ਹਾਲਤ ਨੂੰ ਗੰਭੀਰ ਵੇਖਦਿਆਂ ਉਸ ਨੂੰ ਰੈਫਰ ਕਰ ਦਿੱਤਾ ਗਿਆ ਹੈ। ਸਿਵਲ ਹਸਪਤਾਲ 'ਚ ਡਿਊਟੀ 'ਤੇ ਮੌਜੂਦ ਡਾਕਟਰ ਨੇ ਦੱਸਿਆ ਕਿ ਮ੍ਰਿਤਕ ਦੀ ਪਛਾਣ ਰਾਧੇਸ਼ਿਆਮ ਵਜੋਂ ਹੋਈ ਹੈ। ਜਦਕਿ ਜਖਮੀਆਂ 'ਚ ਮਦਨ ਲਾਲ ਪੁੱਤਰ ਰਾਮਲਾਲ ਵਾਸੀ ਸ਼ਿਮਲਾਪੁਰੀ ਲੁਧਿਆਣਾ, ਦੇਸ ਰਾਜ ਪੁੱਤਰ ਅੰਗਦ ਵਾਸੀ ਯੂਪੀ, ਰਾਮ ਕੁਮਾਰ ਵਾਸੀ ਯੂ ਪੀ ਸ਼ਾਮਲ ਹਨ।

3 ਨਵੰਬਰ ਨੂੰ ਭਰੋਮਜਾਰਾ ਵਿਖੇ ਹੋਵੇਗਾ ਸੰਤ ਸਮਾਗਮ

ਬਹਿਰਾਮ (ਅਵਤਾਰ ਕਲੇਰ) ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਵਿਚਾਰਧਾਰਾ ਨੂੰ ਸਮਰਪਿਤ ਮਹਾਨ ਸੰਤ ਸਮਾਗਮ ਇਹੁ ਜਨਮ ਤੁਮਾਰੇ ਲੇਖੇ 3 ਨਵੰਬਰ ਨੂੰ ਪਿੰਡ ਭਰੋ ਮਜਾਰਾ ਰਾਣੂੰਆ ਵਿਖੇ ਸਮੂਹ ਸੰਗਤਾਂ ਤੇ ਟਰੱਸਟਾਂ ਦੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ ਹੈ। ਸਾਈਂ ਪੱਪਲ ਸਾਹ ਭਰੋਮਜਾਰਾ ਨੇ ਦੱਸਿਆ ਕਿ ਇਹ ਸਮਾਗਮ 108 ਸੰਤ ਨਿਰੰਜਣ ਦਾਸ ਦੀ ਸਰਪ੍ਰਸਤੀ ਹੇਠ ਕਰਵਾਇਆ ਜਾਵੇਗਾ। ਸਭ ਤੋਂ ਪਹਿਲਾਂ ਅਮ੍ਰਿਤ ਬਾਣੀ ਦੇ ਜਾਪ ਕਰਵਾਏ ਜਾਣਗੇ ਤੇ ਕੀਰਤਨ ਦੀਵਾਨ ਉਪਰੰਤ ਸੰਤ ਪ੍ਰਵਚਨ ਹੋਣਗੇ। ਸੰਤ ਨਿਰੰਜਣ ਦਾਸ ਡੇਰਾ ਸੱਚਖੰਡ ਬੱਲਾਂ,ਸੰਤ ਕੁਲਵੰਤ ਰਾਮ ਭਰੋਮਜਾਰਾ , ਸੰਤ ਕ੍ਰਿਸਨ ਨਾਥ ਚਹੇੜੂ, ਸੁਆਮੀ ਗੁਰਦੀਪ ਗਿਰੀ ਪਠਾਨਕੋਟ, ਸੰਤ ਪ੍ਰੀਤਮ ਦਾਸ ਸੰਗਤਪੁਰ, ਸੰਤ ਲੇਖ ਰਾਜ ਨੂਰਪੁਰ ਵਾਲੇ, ਸੰਤ ਹਰਵਿੰਦਰ ਦਾਸ ਈਸਪੁਰ ਵਾਲੇ ਤੇ ਸੰਤ ਸੁਖਵਿੰਦਰ ਦਾਸ ਢੱਡੇ ਆਪਣੇ ਪ੍ਰਵਚਨਾਂ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ। ਮੰਚ ਸੰਚਾਲਨ ਦੀ ਜ਼ਿੰਮੇਵਾਰੀ ਮਾਸਟਰ ਸੱਤਪਾਲ ਸਾਹਲੋਂ ਤੇ ਮਾਸਟਰ ਸੋਮਰਾਜ ਨਿਭਾਉਣਗੇ। ਗੁਰੂ ਦਾ ਲੰਗਰ ਅਤੁੱਟ ਵਰਤਾਇਆ ਜਾਵੇਗਾ।

ਤਿੰਨ ਰੋਜ਼ਾ ਸਿਖਲਾਈ ਪ੍ਰੋਗਰਾਮ ਸ਼ੁਰੂ

ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ) ਸਥਾਨਕ ਪੀ ਟੀ ਐਮ ਆਰੀਆ ਕਾਲਜ ਦੇ ਨਿਰਦੇਸ਼ਕ ਆਰ ਕੇ ਜੈਨ ਦੀ ਅਗਵਾਈ ਹੇਠ ਕਮਰਸ ਵਿਭਾਗ ਦੇ ਮੁਖੀ ਸ਼੍ਰੀਮਤੀ ਅਮਨਦੀਪ ਕੌਰ ਨੇ ਤਿੰਨ ਰੋਜ਼ਾ ਸਿਖਲਾਈ ਪ੍ਰੋਗਰਾਮ ਸ਼ੁਰੂ ਕੀਤਾ। ਇਸ ਵਰਕਸ਼ਾਪ 'ਚ ਵਿਦਿਆਰਥੀਆਂ ਨੂੰ ਬੈਂਕ ਦੇ ਕੰਮ ਸਿਖਾਏ ਜਾਣਗੇ ਜਿਸ ਤਰ੍ਹਾਂ ਖਾਤਾ ਖੁਲਵਾਣਾ, ਪੈਸੇ ਜਮ੍ਹਾਂ ਕਰਵਾਉਣੇ ਤੇ ਕਢਵਾਉਣੇ, ਕਰਜ਼ਾ ਲੈਣਾ, ਚੈਕ ਲਿਖਣਾ ਆਦਿ ਸ਼ਾਮਲ ਹਨ। ਇਸ ਮੌਕੇ ਵਿਦਿਆਰਥੀਆਂ ਨੇ ਦੱਸਿਆ ਕਿ ਇਸ ਸਿਖਲਾਈ ਨਾਲ ਬੈਂਕ ਦੇ ਕੰਮ ਕਰਨ ਦੀ ਸਮਝ ਆਵੇਗੀ। ਇਸ ਮੌਕੇ ਕਾਲਜ ਦਾ ਹੋਰ ਸਟਾਫ ਵੀ ਸ਼ਾਮਲ ਸੀ। ਇਸ ਪ੍ਰੋਗਰਾਮ ਦੀ ਪੂਰਨਤਾ ਵੇਲੇ ਸਿਖਲਾਈ ਪ੍ਰਾਪਤ ਵਿਦਿਆਰਥੀਆਂ ਨੂੰ ਪ੍ਰਮਾਣ ਪੱਤਰ ਵੀ ਦਿੱਤੇ ਜਾਣਗੇ।

ਜੂਡੋ 'ਚ ਰੇਲਵੇ ਮੰਡੀ ਦੀਆਂ ਖਿਡਾਰਨਾਂ ਨੇ ਕਰਾਈ ਬੱਲੇ-ਬੱਲੇ

ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ) ਅੰਡਰ 14 ਲੜਕੀਆਂ ਜੂਡੋ ਜੋ ਕਿ ਗੁਰਦਾਸਪੁਰ 'ਚ ਪਿਛਲੇ ਦਿਨੀਂ ਕਰਾਈਆਂ ਗਈਆਂ 'ਚ ਸਰਕਾਰੀ ਸੀਨੀਅਰ ਸੰਕੈਂਡਰੀ ਸਕੂਲ ਰੇਲਵੇ ਮੰਡੀ ਦੀ ਖਿਡਾਰਨਾ ਪ੍ਰਭਜੋਤ ਕੌਰ ਨੇ ਸਿਲਵਰ ਮੈਡਲ ਅਤੇ ਪੱਲਵੀ ਨੇ ਕਾਂਸੀ ਦਾ ਮੈਡਲ ਲੈ ਕੇ ਜਿਲ੍ਹੇ ਅਤੇ ਸਕੂਲ ਦਾ ਨਾਂਅ ਰੌਸ਼ਨ ਕੀਤਾ। ਸਕੂਲ ਪਹੁੰਚਣ 'ਤੇ ਪ੍ਰਿੰਸੀਪਲ ਸ੍ਰੀਮਤੀ ਲਲਿਤਾ ਅਰੋੜਾ ਨੇ ਖਿਡਾਰਣਾ ਨੂੰ ਸ਼ਾਨਦਾਰ ਪ੍ਰਦਰਸ਼ਨ ਲਈ ਵਧਾਈ ਦਿੱਤੀ। ਪ੍ਰਿੰਸੀਪਲ ਨੇ ਕਿਹਾ ਸਾਨੂੰ ਇਹਨਾ ਖਿਡਾਰਣਾ 'ਤੇ ਮਾਣ ਹੈ ਅਤੇ ਬੱਚਿਆਂ ਨੂੰ ਕਿਹਾ ਕਿ ਖੇਡਾਂ ਦੇ ਨਾਲ ਨਾਲ ਪੜ੍ਹਾਈ 'ਚ ਵੀ ਹੋਰ ਅੱਗੇ ਵੱਧਣ ਲਈ ਉਤਸ਼ਾਹਿਤ ਕੀਤਾ। ਪ੍ਰਿੰਸੀਪਲ ਲਲਿਤਾ ਅਰੋੜਾ ਨੇ ਟੀਮ ਇੰਚਾਰਜ ਜੋਗਿੰਦਰ ਕੌਰ ਅਤੇ ਸਰਬਜੀਤ ਕੌਰ ਨੂੰ ਵਧਾਈ ਦਿੱਤੀ ਅਤੇ ਕਿਹਾ ਇਸ ਜਿੱਤ ਦਾ ਸਿਹਰਾ ਸਰੀਰਕ ਸਿੱਖਿਆ ਦੇ ਅਧਿਆਪਕਾ ਨੂੰ ਜਾਂਦਾ ਹੈ। ਇਸ ਮੌਕੇ ਸਮੂਹ ਸਟਾਫ ਹਾਜ਼ਰ ਸੀ।

ਸਰਕਾਰੀ ਸਕੂਲ ਹਾਫ਼ਿਜ਼ਾਬਾਦ ਵਿਖੇ ਕੁਇਜ਼ ਮੁਕਾਬਲਾ

ਚਮਕੌਰ ਸਾਹਿਬ , (ਗੁਰਵਿੰਦਰਪਾਲ ਸਿੰਘ ਬੌਬੀ)-ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਹਾਫ਼ਿਜ਼ਾਬਾਦ ਵਿਖੇ ਪ੍ਰਿੰਸੀਪਲ ਸਤਿੰਦਰ ਸਿੰਘ ਗਰਚਾ ਦੀ ਅਗਵਾਈ ਹੇਠ ਕੁਇਜ਼ ਮੁਕਾਬਲਾ ਕਰਵਾਇਆ ਗਿਆ। ਸਕੂਲ ਦੇ ਅਧਿਆਪਕ ਰਾਬਿੰਦਰ ਸਿੰਘ ਰੱਬੀ ਨੇ ਦੱਸਿਆ ਕਿ ਇਸ ਕੁਇਜ਼ ਮੁਕਾਬਲੇ ਵਿੱਚ ਸ਼ਹੀਦ ਊਧਮ ਸਿੰਘ ਸਦਨ ਦੇ ਵਿਦਿਆਰਥੀ ਰਵਨੀਤ ਕੌਰ, ਜਸਪ੍ਰੀਤ ਕੌਰ ਨੇ ਪਹਿਲਾ ਸਥਾਨ , ਸ਼ਹੀਦ ਚੰਦਰ ਸ਼ੇਖਰ ਅਜ਼ਾਦ ਹਰਵਿੰਦਰ ਕੌਰ, ਤਰਨਪ੍ਰੀਤ ਕੌਰ ਨੇ ਦੂਜੇ ਸਥਾਨ ਅਤੇ ਸ਼ਹੀਦ ਭਗਤ ਸਿੰਘ ਸਦਨ ਹਰਪ੍ਰੀਤ ਕੌਰ ਤੇ ਜੈਸਮੀਨ ਕੌਰ ਨੇ ਤੀਜਾ ਸਥਾਨ ਪ੍ਰਾਪਤ ਕੀਤਾ । ਜੇਤੂ ਵਿਦਿਆਰਥੀਆਂ ਨੂੰ ਯਾਦਗਾਰੀ ਚਿੰਨ੍ਹ ਅਤੇ ਪੜ੍ਹਨ ਲਈ ਸਾਹਿਤਕ ਮੈਗਜ਼ੀਨ ਪ੍ਰਦਾਨ ਕੀਤੇ ਗਏ। ਜ਼ਿਕਰਯੋਗ ਹੈ ਕਿ ਵਿਦਿਆਰਥੀਆਂ ਨੂੰ ਪ੍ਰਸ਼ਨ ਪਹਿਲਾਂ ਅਸੈਂਬਲੀ ਵਿੱਚ ਕਰਵਾਏ ਜਾਂਦੇ ਸਨ, ਉਨ੍ਹਾਂ ਵਿੱਚੋਂ ਹੀ ਇਹ ਕੁਇਜ਼ ਮੁਕਾਬਲਾ ਕਰਵਾਇਆ ਗਿਆ ਹੈ । ਇਸ ਮੌਕੇ ਗੁਰਿੰਦਰ ਸਿੰਘ, ਕਿਰਨ ਬਾਲਾ, ਅਮਰਦੀਪ ਕੌਰ, ਗੁਰਦੀਪ ਸਿੰਘ, ਹਰਸਿਮਰਤ ਸਿੰਘ ਭਟੋਆ ਅਤੇ ਬਬੀਤਾ ਰਾਣੀ ਆਦਿ ਹਾਜਰ ਸਨ ।

ਸਿਮਰਨਜੀਤ ਕੌਰ ਨੇ ਜੱਜ ਦੀ ਪ੍ਰੀਖਿਆ ਪਾਸ ਕਰਕੇ ਮਾਹਿਲਪੁਰ ਦਾ ਨਾਂਅ ਕੀਤਾ ਰੌਸ਼ਨ

ਮਾਹਿਲਪੁਰ, (ਨਿਰਮਲ ਸਿੰਘ ਮੁੱਗੋਵਾਲ) ਮਾਹਿਲਪੁਰ ਦੇ ਲਾਗਲੇ ਪਿੰਡ ਟੂਟੋਮਜਾਰਾ ਦੀ ਸਿਮਰਨਜੀਤ ਕੌਰ ਪੁੱਤਰੀ ਜਗਦੀਸ਼ ਕੁਮਾਰ ਅਤੇ ਸ੍ਰੀਮਤੀ ਕਿਰਨ ਬਾਲਾ ਪੋਤਰੀ ਰੱਖਾ ਸਿੰਘ ਅਤੇ ਸ੍ਰੀਮਤੀ ਸਵਰਨ ਕੌਰ ਨੇ ਪੰਜਾਬ ਜੁਡੀਸ਼ੀਅਲ ਸਰਵਿਸ ਵੱਲੋਂ ਐਲਾਨੇ ਨਤੀਜੇ 'ਚ ਜੱਜ ਦੀ ਪ੍ਰੀਖਿਆ ਪਾਸ ਕਰਕੇ ਪਿੰਡ ਟੂਟੋਮਜਾਰਾ ਇਲਾਕਾ ਮਾਹਿਲਪੁਰ ਅਤੇ ਜਿਲ੍ਹਾ ਹੁਸ਼ਿਆਰਪੁਰ ਦਾ ਨਾਂਅ ਰੌਸ

19-OCT-PAGE-10.qxd 10/18/2023 10:33 PM Page 1

ਅਧਿਆਪਕਾਂ ਦੀਆਂ ਬਦਲੀਆਂ ਰੱਦ ਕਰਵਾਉਣ ਲਈ ਡੀ ਟੀ ਐੱਫ ਮੋਗਾ ਵੱਲੋਂ ਰੋਸ ਪ੍ਰਦਰਸ਼ਨ

ਮੋਗਾ (ਅਮਰਜੀਤ ਬੱਬਰੀ)-ਡੀ ਟੀ ਐਫ ਜ਼ਿਲ੍ਹਾ ਕਮੇਟੀ ਮੋਗਾ ਵੱਲੋਂ ਪੰਜਾਬ ਦੀ ਆਪ ਸਰਕਾਰ ਵੱਲੋਂ ਵੱਖ-ਵੱਖ ਵਿਸ਼ਾ ਅਧਿਆਪਕਾਂ ਦੀਆਂ ਜ਼ਬਰਦਸਤੀ ਸਕੂਲ ਆਫ਼ ਐਮੀਨੈਂਸ ਵਿੱਚ ਕੀਤੀਆਂ ਬਦਲੀਆਂ ਨੂੰ ਰੱਦ ਕਰਵਾਉਣ ਲਈ ਜ਼ਿਲ੍ਹੇ ਦੇ ਵੱਖ ਵੱਖ ਸਕੂਲਾਂ ਵਿੱਚ ਪੰਜਾਬ ਸਰਕਾਰ ਦੇ ਪੱਤਰ ਦੀਆਂ ਕਾਪੀਆਂ ਸਾੜ ਕੇ ਵਿਰੋਧ ਪ੍ਰਦਰਸ਼ਨ ਕੀਤੇ ਗਏ।ਜ਼ਿਲ੍ਹਾ ਪ੍ਰਧਾਨ ਸੁਖਪਾਲਜੀਤ ਸਿੰਘ, ਜ਼ਿਲ੍ਹਾ ਸਕੱਤਰ ਜਗਵੀਰਨ ਕੌਰ, ਸੀਨੀਅਰ ਮੀਤ ਪ੍ਰਧਾਨ ਸੁਖਵਿੰਦਰ ਸਿੰਘ ਘੋਲੀਆਂ ਨੇ ਕਿਹਾ ਕਿ ਸਿੱਖਿਆ ਅਤੇ ਸਿਹਤ ਵਿੱਚ ਕ੍ਰਾਂਤੀ ਲਿਆਉਣ ਦਾ ਵਾਅਦਾ ਕਰਕੇ ਸੱਤਾ ਵਿੱਚ ਆਈ ਪੰਜਾਬ ਦੀ ਆਪ ਸਰਕਾਰ ਵੀ ਪਿਛਲੀਆਂ ਸਰਕਾਰਾਂ ਵਾਂਗ ਹੀ ਸਿੱਖਿਆ ਵਿਭਾਗ ਵਿੱਚ ਨਿੱਤ ਨਵੇਂ ਨਵੇਂ ਪ੍ਰਯੋਗ ਕਰ ਕੇ ਸਕੂਲਾਂ 'ਚ ਪੜ੍ਹਾਈ ਦਾ ਭੱਠਾ ਬਿਠਾਉਣ 'ਤੇ ਤੁਲੀ ਹੋਈ ਹੈ।ਜ਼ਿਲ੍ਹਾ ਮੀਤ ਪ੍ਰਧਾਨ ਸਵਰਨਦਾਸ, ਜ਼ਿਲ੍ਹਾ ਜਥੇਬੰਦਕ ਸਕੱਤਰ ਅਮਨਦੀਪ ਮਾਛੀਕੇ ਅਤੇ ਜ਼ਿਲ੍ਹਾ ਪ੍ਰੈਸ ਸਕੱਤਰ ਗੁਰਮੀਤ ਝੋਰੜਾਂ ਅਤੇ ਵਿੱਤ ਸਕੱਤਰ ਗੁਰਸ਼ਰਨ ਸਿੰਘ ਨੇ ਕਿਹਾ ਕਿ ਸਰਕਾਰ ਵੱਲੋਂ ਹੁਣ ਅਧਿਆਪਕਾਂ ਦੀ ਬਿਨਾਂ ਸਹਿਮਤੀ ਦੇ ਕੀਤੀਆਂ ਬਦਲੀਆਂ ਸਰਕਾਰ ਦੀ ਤਾਨਾਸ਼ਾਹੀ ਹੈ। ਜਦੋਂ ਕਿ ਚਾਹੀਦਾ ਤਾਂ ਇਹ ਸੀ ਕਿ ਸਰਕਾਰ ਸਕੂਲਾਂ ਵਿੱਚ ਪਈਆਂ ਸਾਰੀਆਂ ਖਾਲੀ ਪੋਸਟਾਂ ਭਰਦੀ ਪਰ ਸਰਕਾਰ ਦੂਜੇ ਸਕੂਲਾਂ ਦੇ ਵਿਦਿਆਰਥੀਆਂ ਦੀ ਪੜ੍ਹਾਈ ਨੂੰ ਰੋਲ ਕੇ ਆਪਣੇ ਅਖੌਤੀ ਡ੍ਰੀਮ ਪ੍ਰੋਜੈਕਟ ਸਕੂਲ ਆਫ਼ ਐਮੀਨੈਂਸ ਨੂੰ ਸਫਲ ਬਣਾਉਣਾ ਚਾਹੁੰਦੀ ਹੈ ਜੋ ਕਿ ਬਾਕੀ ਸਕੂਲਾਂ ਦੇ ਵਿਦਿਆਰਥੀਆਂ ਨਾਲ ਕਾਣੀਵੰਡ ਹੈ।

ਆਗੂਆਂ ਨੇ ਕਿਹਾ ਕਿ ਸਰਕਾਰ ਦਾ ਇਹ ਕਦਮ ਅਧਿਆਪਕ ਵਿਰੋਧੀ ਹੀ ਨਹੀਂ ਵਿਦਿਆਰਥੀ ਵਿਰੋਧੀ ਵੀ ਹੈ। ਆਗੂਆਂ ਨੇ ਕਿਹਾ ਕਿ ਸਰਕਾਰ ਨੂੰ ਆਪਣਾ ਇਹ ਵਿਦਿਆਰਥੀਆਂ ਵਿਰੋਧੀ ਫ਼ੈਸਲਾ ਵਾਪਸ ਲਵੇ ਨਹੀਂ ਤਾਂ ਜਥੇਬੰਦੀ ਕਿਸਾਨਾਂ ਅਤੇ ਲੋਕਾਂ ਨੂੰ ਨਾਲ ਲੈ ਕੇ ਸਰਕਾਰ ਵਿਰੁੱਧ ਪਿੰਡਾਂ ਵਿੱਚ ਮੁਜ਼ਾਹਰੇ ਕਰੇਗੀ।ਇਸ ਸਮੇਂ ਜਗਜੀਤ ਸਿੰਘ, ਦੀਪਕ ਮਿੱਤਲ, ਅਮਰਦੀਪ ਬੁੱਟਰ, ਬਲਵਿੰਦਰ ਸਿੰਘ, ਨਰਿੰਦਰ ਸਿੰਘ, ਜਸਵਿੰਦਰ ਸਿੰਘ, ਮੈਡਮ ਮਧੂ ਬਾਲਾ, ਮਮਤਾ ਕੌਸ਼ਲ ਆਦਿ ਜ਼ਿਲ੍ਹਾ ਕਮੇਟੀ ਮੈਂਬਰ ਹਾਜ਼ਰ ਸਨ।

ਭੀਮ ਸੈਨ ਬਾਂਸਲ ਸ਼੍ਰੋਮਣੀ ਅਕਾਲੀ ਦਲ (ਬ) ਦੇ ਮੁੜ ਸ਼ਹਿਰੀ ਪ੍ਰਧਾਨ ਬਣੇ

ਭੀਖੀ (ਧਰਮਵੀਰ ਸ਼ਰਮਾ)-ਸ਼੍ਰੋਮਣੀ ਅਕਾਲੀ ਦਲ (ਬ) ਵੱਲੋਂ ਆਪਣੇ ਢਾਂਚੇ ਦਾ ਮੁੜ ਵਿਸਤਾਰ ਕਰਦੇ ਹੋਏ ਭੀਮ ਸੈਨ ਬਾਂਸਲ ਨੂੰ ਮੁੜ ਭੀਖੀ ਦਾ ਸ਼ਹਿਰੀ ਪ੍ਰਧਾਨ ਨਿਯੁਕਤ ਕੀਤਾ ਗਿਆ। ਇਸ ਨਿਯੁਕਤੀ 'ਤੇ ਖੁਸ਼ੀ ਪ੍ਰਗਟ ਕਰਦਿਆਂ ਯੂਥ ਆਗੂ ਕੁਲਸ਼ੇਰ ਸਿੰਘ ਰੂਬਲ, ਪਾਲ ਸਿੰਘ ਸਾਬਕਾ ਐਮਸੀ, ਨਗਰ ਪੰਚਾਇਤ ਦੇ ਸਾਬਕਾ ਪ੍ਰਧਾਨ ਹਰਪ੍ਰੀਤ ਸਿੰਘ ਚਹਿਲ, ਬਲਜੀਤ ਸਿੰਘ ਅਤਲਾ ਤੇ ਹਰਬੰਸ ਬਾਂਸਲ ਆਦਿ ਨੇ ਕਿਹਾ ਕਿ ਭੀਮ ਸੈਨ ਬਾਂਸਲ ਦੀ ਨਿਯੁਕਤੀ ਨਾਲ ਭੀਖੀ ਇਲਾਕੇ ਅੰਦਰ ਸ਼੍ਰੋਮਣੀ ਅਕਾਲੀ ਦਲ ਹੋਰ ਮਜ਼ਬੂਤ ਹੋਵੇਗਾ। ਉਨ੍ਹਾਂ ਕਿਹਾ ਕਿ ਭੀਮ ਸੈਨ ਬਾਂਸਲ ਪਹਿਲਾਂ ਵੀ ਪਾਰਟੀ ਦੀ ਤਨਦੇਹੀ ਨਾਲ ਸੇਵਾ ਕਰਦੇ ਰਹੇ ਹਨ ਤੇ ਹੁਣ ਵੀ ਪਹਿਲਾ ਵਾਂਗ ਪਾਰਟੀ ਦੀ ਸੇਵਾ ਕਰਨਗੇ। ਉਨ੍ਹਾਂ ਇਸ ਲਈ ਪਾਰਟੀ ਹਾਈਕਮਾਂਡ ਦਾ ਧੰਨਵਾਦ ਕਰਦਿਆਂ ਸ਼੍ਰੀ ਬਾਂਸਲ ਨੂੰ ਵਧਾਈ ਵੀ ਦਿੱਤੀ ਹੈ। ਨਵਨਿਯੁਕਤ ਸ਼ਹਿਰੀ ਪ੍ਰਧਾਨ ਭੀਮ ਸੈਨ ਬਾਂਸਲ ਨੇ ਪਾਰਟੀ ਹਾਈਕਮਾਂਡ ਦਾ ਧੰਨਵਾਦ ਕਰਦਿਆ ਕਿਹਾ ਕਿ ਉਹ ਪਾਰਟੀ ਵੱਲੋਂ ਉਨ੍ਹਾਂ 'ਤੇ ਵਿਸ਼ਵਾਸ ਕਰਕੇ ਜੋ ਦੁਬਾਰਾ ਜਿੰਮੇਵਾਰੀ ਸੌਂਪੀ ਗਈ ਹੈ, ਉਸ ਨੂੰ ਉਹ ਤਨਦੇਹੀ ਅਤੇ ਜ਼ਿੰਮੇਵਾਰੀ ਨਾਲ ਨਿਭਾਉਣਗੇ।

ਕੇਂਦਰ ਸਰਕਾਰ ਸ਼ੈਲਰ ਮਾਲਕ ਤੇ ਆੜ੍ਹਤੀਆਂ ਦੀਆਂ ਮੁਸ਼ਕਲਾਂ ਸੰਬੰਧੀ ਮੁੜ ਵਿਚਾਰ ਕਰੇ : ਨਾਭਾ

ਅਮਲੋਹ (ਲਖਵੀਰ ਸਿੰਘ, ਹਰਚਰਨ ਉਪਲ)- ਫੋਰਟੀਫਾਇਡ ਚੌਲਾਂ ਦੇ ਮਾਪਦੰਡਾਂ ਸੰਬੰਧੀ ਰਣਦੀਪ ਸਿੰਘ ਨਾਭਾ ਸਾਬਕਾ ਕੈਬਨਿਟ ਮੰਤਰੀ ਪੰਜਾਬ ਨੇ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਪੰਜਾਬ ਵਿੱਚ ਆੜ੍ਹਤੀਆਂ ਅਤੇ ਸ਼ੈਲਰ ਮਾਲਕਾਂ ਵੱਲੋਂ ਚੱਲ ਰਹੀ ਹੜਤਾਲ ਸੰਬੰਧੀ ਕੇਦਰ ਸਰਕਾਰ ਨੂੰ ਇਨ੍ਹਾਂ ਦੀਆਂ ਮੰਗਾਂ ਉੱਪਰ ਮੁੜ ਵਿਚਾਰ ਕਰਕੇ ਜਲਦੀ ਤੋਂ ਜਲਦੀ ਦੇਸ਼ ਦੇ ਅੰਨਦਾਤੇ ਕਿਸਾਨੀ ਨਾਲ ਇਸ ਸੰਬੰਧਿਤ ਇਸ ਮਸਲੇ ਨੂੰ ਹੱਲ ਕਰਨਾ ਚਾਹੀਦਾ ਹੈ ਕਿਉਂਕਿ ਪੰਜਾਬ ਵਿੱਚ ਝੋਨੇ ਦੀ ਕਟਾਈ ਜ਼ੋਰਾਂ 'ਤੇ ਹੈ, ਮੰਡੀਆਂ ਵਿੱਚ ਝੋਨੇ ਦੀਆਂ ਬੋਰੀਆਂ ਦੇ ਅੰਬਾਰ ਲੱਗੇ ਹੋਏ ਹਨ ਪਰ ਝੋਨੇ ਦੀ ਲਿਫਟਿੰਗ ਰੁਕੀ ਹੋਈ ਹੈ ਜਿਸ ਕਰਕੇ ਕਿਸਾਨਾਂ ਵਿੱਚ ਮਾਯੂਸੀ ਦਾ ਮਾਹੌਲ ਹੈ । ਝੋਨੇ ਦੀ ਲਿਫਟਿੰਗ ਨਾ ਹੋਣ ਕਾਰਨ ਮੰਡੀਆਂ ਵਿੱਚ ਕਿਸਾਨਾਂ ਅਤੇ ਮਜ਼ਦੂਰਾਂ ਨੂੰ ਭਾਰੀ ਖੱਜਲ ਖੁਆਰੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਅਤੇ ਕਿਸਾਨ ਅਤੇ ਮਜ਼ਦੂਰ ਸਰਕਾਰ ਵੱਲ ਨਾਮੋਸ਼ੀ ਭਰੀਆਂ ਨਿਗਾਹਾਂ ਨਾਲ ਦੇਖ ਰਿਹਾ ਹੈ । ਰਣਦੀਪ ਸਿੰਘ ਨਾਭਾ ਨੇ ਕੇਦਰ ਸਰਕਾਰ ਨੂੰ ਅਪੀਲ ਕਰਦਿਆਂ ਕਿਹਾ ਕਿ ਪਾਲਿਸੀ 'ਤੇ ਮੁੜ ਵਿਚਾਰ ਕੀਤਾ ਜਾਵੇ ਕਿਉਂਕਿ ਸ਼ੈਲਰ ਮਾਲਕਾਂ ਦਾ ਕੰਮ ਚੌਲ ਨੂੰ ਬਲੈਡ ਕਰਨਾ ਹੈ ਨਾ ਕਿ ਮੈਨੂਫੈਕਚਰ ਕਰਨਾ। ਜਿਹੜੇ ਵੀ ਸੈਂਪਲ ਫੇਲ੍ਹ ਹੋਏ ਹਨ ਉਹ ਸਰਕਾਰ ਵੱਲੋਂ ਜਾਰੀ ਕੀਤੀ ਸੂਚੀ ਵਿੱਚ ਰਜਿਸਟਰਡ ਡੀਲਰ ਮੈਨੂਫੈਕਚਰਾਂ ਕੋਲੋਂ ਹੀ ਫੋਰਟੀਫਾਇਡ ਚੌਲਾਂ ਦੀ ਖਰੀਦ ਕੀਤੀ ਗਈ ਸੀ ਅਤੇ ਮਿਕਸ ਕੀਤੇ ਗਏ ਸਨ ਪਰੰਤੂ ਹੁਣ ਇਹ ਮਿਕਸ ਚੌਲਾਂ ਦੇ ਸੈਂਪਲ ਫੋਰਟੀਫਾਇਡ ਚੌਲਾਂ ਕਰਕੇ ਫੇਲ੍ਹ ਹੋਏ ਹਨ । ਸੋ ਪੰਜਾਬ ਸਰਕਾਰ ਨੂੰ ਕੇਂਦਰ ਸਰਕਾਰ ਨਾਲ ਰਾਬਤਾ ਕਰਕੇ ਜਲਦੀ ਤੋਂ ਜਲਦੀ ਇਸ ਮਸਲੇ ਵੱਲ ਧਿਆਨ ਦੇ ਕੇ ਇਸ ਨੂੰ ਹੱਲ ਕਰਨਾ ਚਾਹੀਦਾ ਹੈ ਤਾਂ ਜੋ ਕਿਸਾਨਾਂ, ਆੜ੍ਹਤੀਆਂ ਅਤੇ ਸ਼ੈਲਰ ਮਾਲਕਾਂ ਨੂੰ ਕਿਸੇ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ।

ਪਰਾਲੀ ਦੀ ਸਾਂਭ-ਸੰਭਾਲ ਲਈ ਜਾਗਰੂਕ ਕੈਂਪ ਲਾਏ

ਹਠੂਰ (ਨਛੱਤਰ ਸੰਧੂ)-ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਬਲਾਕ ਜਗਰਾਉਂ ਵੱਲੋਂ ਇਲਾਕੇ ਦੀਆਂ ਖੇਤੀਬਾੜੀ ਸਹਿਕਾਰੀ ਸਭਾਵਾਂ ਵਿਖੇ ਪਰਾਲੀ ਦੀ ਸਾਂਭ-ਸੰਭਾਲ ਸੰਬੰਧੀ ਕਿਸਾਨ ਜਾਗਰੂਕਤਾ ਕੈਂਪ ਲਗਾਏ ਗਏ। ਜਿਨ੍ਹਾਂ ਵਿੱਚ ਝੋਨੇ ਦੀ ਪਰਾਲੀ ਨੂੰ ਲੈ ਕੇ ਵੱਖ-ਵੱਖ ਮਾਹਰਾਂ ਵੱਲੋਂ ਵਿਚਾਰਾਂ ਕੀਤੀਆਂ ਗਈਆਂ। ਇਸ ਮੌਕੇ ਪਿੰਡ ਮਾਣੂੰਕੇ, ਲੱਖਾ, ਭੰਮੀਪੁਰਾ ਕਲਾਂ, ਅਖਾੜਾ ਅਤੇ ਹਠੂਰ ਖੇਤੀਬਾੜੀ ਸਹਿਕਾਰੀ ਸਭਾਵਾ ਨੂੰ ਸੰਬੋਧਨ ਕਰਦਿਆਂ ਖੇਤੀਬਾੜੀ ਅਫਸਰ ਗੁਰਦੀਪ ਸਿੰਘ, ਜਸਵੰਤ ਸਿੰਘ ਅਤੇ ਨਿਤੇਸ਼ ਕੁਮਾਰ ਨੇ ਕਿਹਾ ਕਿ ਅੱਜ ਸੂਬੇ ਵਿੱਚ ਝੂਨੇ ਦੀ ਪਰਾਲੀ ਨੂੰ ਲੈ ਕੇ ਬਹੁਤ ਵੱਡੀ ਸਮੱਸਿਆ ਖੜ੍ਹੀ ਹੋ ਚੁੱਕੀ ਹੈ। ਕਿਸਾਨਾਂ ਵੱਲੋਂ ਝੋਨੇ ਦੇ ਸੀਜ਼ਨ ਦੌਰਾਨ ਲਗਾਤਾਰ ਆਪਣੇ ਖੇਤਾਂ ਵਿੱਚ ਪਰਾਲੀ ਨੂੰ ਅੱਗ ਲਗਾ ਕੇ ਜਿੱਥੇ ਵਾਤਾਵਰਨ ਨੂੰ ਪ੍ਰਦੂਸ਼ਤ ਕੀਤਾ ਜਾ ਰਿਹਾ ਹੈ, ਉਥੇ ਕਿਸਾਨਾਂ ਦੀ ਜ਼ਮੀਨ ਦੀ ਉਪਜਾਊ ਮਿੱਟੀ ਵਿੱਚ ਫਸਲ ਨੂੰ ਉਗਾਉਣ ਵਾਲੇ ਮਿੱਤਰ ਕੀੜੇ ਮਰ ਜਾਂਦੇ ਹਨ। ਕਿਸਾਨਾਂ ਨੂੰ ਪਰਾਲੀ ਸਾੜਨ ਦੀ ਬਜਾਏ ਉਸ ਨੂੰ ਖੇਤ ਵਿੱਚ ਹੀ ਵਾਹ ਕੇ ਆਪਣੀ ਜ਼ਮੀਨ ਉਪਜਾਊ ਬਣਾਉਣਾ ਚਾਹੀਦਾ ਹੈ, ਜਿਸ ਨਾਲ ਫਸਲ ਦਾ ਝਾੜ ਵੱਧ ਨਿਕਲਦਾ ਹੈ। ਹੁਣ ਪਰਾਲੀ ਦੀ ਸਾਂਭ-ਸੰਭਾਲ ਲਈ ਗੱਠਾਂ ਬੰਨ੍ਹਣ ਵਾਲੀਆਂ ਮਸ਼ੀਨਾ ਆ ਚੁੱਕੀਆਂ ਹਨ ਅਤੇ ਪਰਾਲੀ ਦਾ ਵਾਜਬ ਮੁੱਲ ਵੀ ਮਿਲਦਾ ਹੈ। ਇਸ ਸਮੇਂ ਉਨ੍ਹਾਂ ਨਾਲ ਪ੍ਰਧਾਨ ਹਰਪ੍ਰੀਤ ਸਿੰਘ ਮਾਣੂੰਕੇ, ਸੈਕਟਰੀ ਪ੍ਰਦੀਪ ਸਿੰਘ ਮਾਣੂੰਕੇ, ਸੈਕਟਰੀ ਬਲਜਿੰਦਰ ਸਿੰਘ ਲੱਖਾ, ਸੈਕਟਰੀ ਸ਼ਿੰਗਾਰਾ ਸਿੰਘ ਭੰਮੀਪੁਰਾ, ਸੈਕਟਰੀ ਕੁਲਵੀਰ ਸਿੰਘ ਅਖਾੜਾ, ਸੈਕਟਰੀ ਪਿਰਤਪਾਲ ਸਿੰਘ ਹਠੂਰ, ਮੀਤ ਪ੍ਰਧਾਨ ਦਰਸ਼ਨ ਸਿੰਘ ਅਤੇ ਬਲਦੇਵ ਸਿੰਘ ਮਾਣੂੰਕੇ ਆਦਿ ਹਾਜ਼ਰ ਸਨ।

ਭਗਵਾਨ ਸ੍ਰੀ ਰਾਮ ਵੱਲੋਂ ਤਾੜਕਾ ਅੰਤ ਦੇ ਦ੍ਰਿਸ਼ ਦਿਖਾਏ ਗਏ

ਮਾਛੀਵਾੜਾ ਸਾਹਿਬ (ਸ਼ੈਕੀ ਸ਼ਰਮਾ, ਜਗਦੀਸ਼ ਰਾਏ)-ਸਰਵਹਿੱਤਕਾਰੀ ਸਭਾ ਸ੍ਰੀ ਰਾਮਲੀਲਾ ਕਮੇਟੀ ਵੱਲੋਂ ਦੁਸਹਿਰਾ ਮੈਦਾਨ ਵਿਖੇ ਅਹੁਦੇਦਾਰਾਂ ਤੇ ਕਲਾਕਾਰਾਂ ਵੱਲੋਂ ਮੰਚਨ ਦੀ ਸ਼ੁਰੂਆਤ ਤੋਂ ਪਹਿਲਾਂ ਪ੍ਰਾਥਨਾ ਕੀਤੀ ਗਈ। ਮੰਚਨ ਦੀ ਤੀਜੀ ਰਾਤ ਦਾ ਉਦਘਾਟਨ ਸ਼ੈਲਰ ਐਸੋਸੀਏਸ਼ਨ ਦੇ ਪ੍ਰਧਾਨ ਰੁਪਿੰਦਰ ਸਿੰਘ ਬੈਨੀਪਾਲ ਤੇ ਸੁਰਿੰਦਰ ਬਾਂਸਲ ਵਲੋਂ ਸੰਯੁਕਤ ਰੂਪ ਵਿਚ ਰੀਬਨ ਕੱਟ ਕੇ ਕੀਤਾ ਗਿਆ। ਦਿਖਾਏ ਦ੍ਰਿਸ਼ਾਂ ਦੌਰਾਨ ਰਿਸ਼ੀ ਵਿਸ਼ਵਾਮਿੱਤਰ ਰਾਜਾ ਦਸਰਥ ਕੋਲ ਰਾਕਸ਼ਸਾਂ ਦਾ ਅੰਤ ਕਰਨ ਲਈ ਭਗਵਾਨ ਰਾਮ ਤੇ ਲਛਮਣ ਨੂੰ ਲੈਣ ਗਏ ਅਤੇ ਉਹ ਜੰਗਲਾਂ ਵਿਚ ਤਪ ਕਰ ਰਹੇ ਰਿਸ਼ੀਆਂ, ਮੁਨੀਆਂ ਦੀ ਸੁਰੱਖਿਆ ਲਈ ਚਲੇ ਗਏ। ਜੰਗਲਾਂ ਵਿਚ ਭਗਵਾਨ ਸ੍ਰੀ ਰਾਮ ਜੀ ਦੀ ਸਾਹਮਣਾ ਰਾਕਸ਼ਸਣੀ ਨਾਲ ਹੋਇਆ, ਜਿੱਥੇ ਉਨ੍ਹਾਂ ਉਸ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਰਾਕਸ਼ਸਣੀ ਤਾੜਕਾ ਦੀ ਮੌਤ ਤੋਂ ਬਾਅਦ ਕਲਾਕਾਰਾਂ ਵਲੋਂ ਕੀਤੇ ਗਏ। ਸਿਆਪੇ ਦਾ ਦਰਸ਼ਕਾਂ ਨੇ ਖੂਬ ਆਨੰਦ ਲਿਆ। ਦੁਸਹਿਰਾ ਮੈਦਾਨ ਵਿਚ ਦਰਸ਼ਕਾਂ ਦੀ ਭਾਰੀ ਭੀੜ ਉਮੜੀ ਜੋ ਮੰਚਨ ਦੇ ਅੰਤ ਤੱਕ ਸਾਰੇ ਦ੍ਰਿਸ਼ ਦੇਖਦੀ ਰਹੀ। ਸਭਾ ਦੇ ਪ੍ਰਧਾਨ ਅਸ਼ੋਕ ਸੂਦ ਤੇ ਚੇਅਰਮੈਨ ਮੋਹਿਤ ਕੁੰਦਰਾ ਵਲੋਂ ਮੁੱਖ ਮਹਿਮਾਨ ਰੁਪਿੰਦਰ ਸਿੰਘ ਬੈਨੀਪਾਲ ਨੂੰ ਸਨਮਾਨਤ ਵੀ ਕੀਤਾ ਗਿਆ। ਇਸ ਮੌਕੇ ਪ੍ਰਿੰਸੀਪਲ ਡੀ.ਡੀ. ਵਰਮਾ, ਰਜਿੰਦਰ ਵਰਮਾ, ਪ੍ਰਿੰਸ ਮਿੱਠੇਵਾਲ, ਮਨਜੀਤ ਸਿੰਘ ਇਰਾਕ, ਸੰਜੀਵ ਰਿੰਕਾ, ਜਿੰਮੀ ਜੈਨ ਤੇ ਅਚਿੰਤ ਭਾਟੀਆ ਆਦਿ ਵੀ ਮੌਜੂਦ ਸਨ।

ਸ਼੍ਰੋਮਣੀ ਅਕਾਲੀ ਦਲ ਕਿਸਾਨਾਂ, ਸ਼ੈਲਰ ਮਾਲਕਾਂ, ਆੜ੍ਹਤੀਆਂ ਤੇ ਮਜ਼ਦੂਰਾਂ ਦੇ ਹੱਕਾਂ ਲਈ ਲੜਦਾ ਰਹੇਗਾ : ਰਾਜੂ ਖੰਨਾ

ਅਮਲੋਹ (ਲਖਵੀਰ ਸਿੰਘ, ਹਰਚਰਨ ਉਪਲ)

ਆਪ ਦੀ ਭਗਵੰਤ ਮਾਨ ਸਰਕਾਰ ਡਿਬੇਟ ਦੀ ਥਾਂ ਪੰਜਾਬ ਦੀਆਂ ਅਨਾਜ ਮੰਡੀਆਂ ਵਿੱਚ ਝੋਨਾ ਲਈ ਬੈਠੇ ਕਈ ਕਈ ਦਿਨਾਂ ਤੋਂ ਕਿਸਾਨਾਂ ਦੀ ਸਾਰ ਲਵੇ। ਇਸ ਗੱਲ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਤੇ ਹਲਕਾ ਅਮਲੋਹ ਦੇ ਮੁੱਖ ਸੇਵਾਦਾਰ ਗੁਰਪ੍ਰੀਤ ਸਿੰਘ ਰਾਜੂ ਖੰਨਾ ਨੇ ਅੱਜ ਹਲਕੇ ਦੀ ਸਮੁੱਚੀ ਲੀਡਰਸ਼ਿਪ ਨੂੰ ਨਾਲ ਲੈ ਕੇ ਹਲਕੇ ਦੀਆਂ ਅਨਾਜ ਮੰਡੀਆਂ ਦਾ ਦੌਰਾ ਕਰਨ ਸਮੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਰਾਜੂ ਖੰਨਾ ਨੇ ਕਿਹਾ ਕਿ ਅੱਜ ਜਿਥੇ ਮੰਡੀਆਂ ਵਿੱਚ ਝੋਨਾ ਲਈ ਬੈਠੇ ਕਿਸਾਨਾਂ ਦੀ ਹਾਲਤ ਤਰਸਯੋਗ ਬਣੀ ਹੋਈ ਹੈ ਉਥੇ ਸ਼ੈਲਰ ਮਾਲਕਾਂ, ਆੜ੍ਹਤੀਆਂ ਤੇ ਮਜ਼ਦੂਰਾਂ ਨੂੰ ਵੀ ਵੱਡੀਆਂ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਨ੍ਹਾਂ ਕਿਹਾ ਕਿ ਅੱਜ ਉਨ੍ਹਾਂ ਵੱਲੋਂ ਹਲਕਾ ਅਮਲੋਹ ਦੀ ਮੁੱਖ ਅਨਾਜ ਮੰਡੀ ਅਮਲੋਹ ਦਾ ਦੌਰਾ ਜਿਥੇ ਕੀਤਾ ਗਿਆ ਹੈ। ਉਥੇ ਅਨਾਜ ਮੰਡੀ ਬੁੱਗਾ ਕਲਾਂ, ਸਮਸਪੁਰ, ਰਾਮਗੜ੍ਹ, ਪਹੇੜੀ, ਰੌਘੇੜੀ ਤੇ ਮੰਡੀ ਗੋਬਿੰਦਗੜ੍ਹ ਆਦਿ ਅਨਾਜ ਮੰਡੀਆਂ ਵਿੱਚ ਲਿਫਟਿੰਗ ਨਾ ਹੋਣ ਕਾਰਨ ਕਿਸਾਨਾਂ , ਆੜ੍ਹਤੀਆਂ ਲਈ ਵੱਡੀ ਸਮੱਸਿਆ ਬਣੀ ਹੋਈ ਹੈ। ਰਾਜੂ ਖੰਨਾ ਵੱਲੋਂ ਕਿਸਾਨਾਂ, ਮਜ਼ਦੂਰਾਂ, ਆੜ੍ਹਤੀਆਂ ਤੇ ਸ਼ੈਲਰ ਮਾਲਕਾਂ ਦੇ ਹੱਕ ਵਿੱਚ ਜਿਥੇ ਕੇਂਦਰ ਸਰਕਾਰ ਤੇ ਪੰਜਾਬ ਸਰਕਾਰ ਖਿਲਾਫ ਨਾਅਰੇਬਾਜ਼ੀ ਕੀਤੀ ਗਈ ਉਥੇ ਕੇਂਦਰ ਸਰਕਾਰ ਨੂੰ ਤੁਰੰਤ ਸ਼ੈਲਰ ਮਾਲਕਾਂ ਦੀ ਫੋਰਟੀਫਾਇਡ ਚੌਲ ਦੇ ਮਾਪਦੰਡ ਤੁਰੰਤ ਘਟਾਉਣ ਦੀ ਅਪੀਲ ਕਰਦਿਆਂ ਕਿਹਾ ਕਿ ਜੇਕਰ ਅੱਜ ਸ਼ੈਲਰ ਮਾਲਕਾਂ ਹੀ ਨਾ ਰਹੇ ਤਾਂ ਕਿਸਾਨਾਂ ਦਾ ਝੋਨੇ ਕਿਵੇਂ ਵਿਕੇਗਾ। ਉਨ੍ਹਾਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਕਿਹਾ ਕਿ ਉਹ ਤੁਰੰਤ ਕੇਂਦਰ ਸਰਕਾਰ ਨਾਲ ਰਾਬਤਾ ਕਾਇਮ ਕਰਕੇ ਸ਼ੈਲਰ ਮਾਲਕਾਂ ਦੀਆਂ ਸਮੱਸਿਆਂਵਾਂ ਨੂੰ ਹੱਲ ਕਰਵਾਉਣ ਤਾ ਜੋ ਕਿਸਾਨਾਂ, ਮਜ਼ਦੂਰਾਂ ਤੇ ਆੜ੍ਹਤੀਆਂ ਨੂੰ ਵੱਡੀਆਂ ਸਮੱਸਿਆਵਾਂ ਤੋਂ ਬਚਾਇਆ ਜਾ ਸਕੇ। ਇਸ ਮੌਕੇ ਰਾਜੂ ਖੰਨਾ ਨੇ ਜਿਥੇ ਕੇਂਦਰ ਦੀ ਮੋਦੀ ਸਰਕਾਰ ਨੂੰ ਸ਼ੈਲਰ ਮਾਲਕਾਂ ਦੀਆਂ ਮੰਗਾਂ ਹੱਲ ਕਰਨ ਦੀ ਅਪੀਲ ਕੀਤੀ ਉਥੇ ਉਨ੍ਹਾਂ ਕਿਹਾ ਕਿ ਜੇਕਰ ਜਲਦ ਪੰਜਾਬ ਸਰਕਾਰ ਵੱਲੋਂ ਮੰਡੀਆਂ ਵਿੱਚ ਝੋਨਾ ਲੈ ਕਿ ਆਏ ਕਿਸਾਨਾਂ, ਸ਼ੈਲਰ ਮਾਲਕਾਂ, ਮਜ਼ਦੂਰਾਂ ਤੇ ਆੜ੍ਹਤੀਆਂ ਦੀਆਂ ਸਮੱਸਿਆਵਾਂ ਨੂੰ ਹੱਲ ਨਾ ਕੀਤਾ ਗਿਆ ਤਾਂ ਸਮੁੱਚਾ ਸ਼੍ਰੋਮਣੀ ਅਕਾਲੀ ਦਲ ਡੀ ਸੀ ਦਫਤਰ ਦਾ ਘਿਰਾਓ ਕਰਨ ਲਈ ਮਜਬੂਰ ਹੋਵੇਗਾ। ਇਸ ਮੌਕੇ ਜਥੇਦਾਰ ਕਰ

19-Oct-PAGE-11-Majha-23.qxd 10/18/2023 10:40 PM Page 1

5 ਮੈਡੀਕਲ ਸਟੋਰਾਂ 'ਤੇ ਛਾਪਾ, ਨਸ਼ੀਲੀਆਂ ਦਵਾਈਆਂ ਬਰਾਮਦ

ਗੁਰਦਾਸਪੁਰ, (ਦਿਨੇਸ਼ ਕੁਮਾਰ)-ਕਮਿਸ਼ਨਰ ਫੂਡ ਐਂਡ ਡਰੱਗ ਕਮਿਸ਼ਨਰ ਪੰਜਾਬ ਅਤੇ ਚੰਡੀਗੜ੍ਹ ਡਾ: ਅਭਿਨਵ ਤ੍ਰਿਖਾ ਦੀਆਂ ਹਦਾਇਤਾਂ ਅਤੇ ਸਿਵਲ ਸਰਜਨ ਗੁਰਦਾਸਪੁਰ ਡਾ: ਹਰਭਜਨ ਰਾਮ ਮਾਂਡੀ ਦੀ ਅਗਵਾਈ ਹੇਠ ਕੁਲਵਿੰਦਰ ਸਿੰਘ ਜ਼ੈੱਡਐੱਲਏ ਤੇ ਬਲਲੀਨ ਕੌਰ ਡਰੱਗਜ਼ ਕੰਟਰੋਲਰ ਅਫਸਰ ਨੇ ਬਰਿਆਰ ਵਿੱਚ ਤਿੰਨ ਮੈਡੀਕਲ ਸਟੋਰਾਂ ਅਤੇ ਹਰਦੋਚੰਨੀ ਰੋਡ 'ਤੇ ਦੋ ਮੈਡੀਕਲ ਸਟੋਰਾਂ ਦੀ ਚੈਕਿੰਗ ਕੀਤੀ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਡਰੱਗਜ਼ ਕੰਟਰੋਲਰ ਅਫਸਰ ਬਬਲੀਨ ਕੌਰ ਨੇ ਦੱਸਿਆ ਕਿ ਬਰਿਆਰ ਦੇ ਮੈਡੀਕਲ ਸਟੋਰਾਂ ਵਿੱਚੋਂ ਮੋਦੀ ਮੈਡੀਕਲ ਸਟੋਰ, ਕੇ. ਆਰ. ਗਰਗ ਮੈਡੀਕਲ ਸਟੋਰ ਅਤੇ ਬੁਮਰਾਹ ਮੈਡੀਕਲ ਸਟੋਰ ਵਿੱਚ ਕਈ ਤਰ੍ਹਾਂ ਦੀਆਂ ਤਰੁੱਟੀਆਂ ਪਾਈਆਂ ਗਈਆਂ, ਜਿਨ੍ਹਾਂ ਦੀ ਰਿਪੋਰਟ ਅਗਲੇਰੀ ਕਾਰਵਾਈ ਲਈ ਭੇਜ ਦਿੱਤੀ ਗਈ ਹੈ। ਉਨ੍ਹਾਂ ਦਸਿਆ ਕਿ ਹਰਦੋਚੰਨੀ ਰੋਡ 'ਤੇ ਬਲਦੇਵ ਮੈਡੀਕਲ ਸਟੋਰ ਦੀ ਚੈਕਿੰਗ ਕਰਨ 'ਤੇ ਕੋਈ ਯੋਗ ਵਿਅਕਤੀ ਮੌਜੂਦ ਨਹੀਂ ਮਿਲਿਆ। ਉੱਥੇ ਬਿਨਾਂ ਪਰਚੀ ਤੋਂ ਦਵਾਈਆਂ ਵੇਚੀਆਂ ਜਾ ਰਹੀਆਂ ਸਨ। ਇਸ ਤੋਂ ਇਲਾਵਾ ਹਰਦੋਚੰਨੀ ਰੋਡ 'ਤੇ ਮਠਾਰੂ ਮੈਡੀਕਲ ਸਟੋਰ ਦੀ ਚੈਕਿੰਗ ਕੀਤੀ ਗਈ ਤਾਂ 2256 ਕੈਪਸੂਲ ਜਬਤ ਕੀਤੇ ਗਏ ਜਿਨ੍ਹਾਂ ਦੀ ਨਸ਼ੇ ਵਜੋਂ ਦੁਰਵਰਤੋਂ ਕੀਤੀ ਜਾਂਦੀ ਹੈ ਅਤੇ ਇਨ੍ਹਾਂ ਦੀ ਕੀਮਤ 66 ਹਜ਼ਾਰ ਰੁਪਏ ਬਣਦੀ ਹੈ।

ਮਠਾਰੂ ਮੈਡੀਕਲ ਸਟੋਰ ਤੋਂ ਬਰਾਮਦ ਦਵਾਈਆਂ ਨੂੰ ਅਗਲੀ ਕਾਰਵਾਈ ਲਈ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ। ਡਰੱਗਜ਼ ਕੰਟਰੋਲਰ ਅਫਸਰ ਬਬਲੀਨ ਕੌਰ ਨੇ ਗੁਰਦਾਸਪੁਰ ਦੇ ਸਮੂਹ ਕੈਮਿਸਟਾਂ ਨੂੰ ਹਦਾਇਤ ਕੀਤੀ ਕਿ ਜਿਹੜੀਆਂ ਦਵਾਈਆਂ ਨਸ਼ੇ ਵਜੋਂ ਵਰਤੀਆਂ ਜਾਂਦੀਆਂ ਹਨ, ਉਨ੍ਹਾਂ ਨੂੰ ਬਿਨਾਂ ਬਿੱਲ ਤੋਂ ਨਾ ਤਾਂ ਖਰੀਦਿਆ ਜਾਵੇ ਅਤੇ ਨਾ ਹੀ ਡਾਕਟਰ ਦੀ ਪਰਚੀ ਤੋਂ ਬਿਨਾਂ ਵੇਚਿਆ ਜਾਵੇ।

ਇਸ ਤੋਂ ਇਲਾਵਾ ਸਮੂਹ ਕੈਮਿਸਟਾਂ ਨੂੰ ਇਹ ਵੀ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ ਕਿ ਐੱਮਟੀਪੀ ਕਿੱਟ ਡਾਕਟਰ ਦੀ ਪਰਚੀ ਤੋਂ ਬਿਨਾਂ ਨਾ ਵੇਚੀ ਜਾਵੇ। ਜੇਕਰ ਕੋਈ ਕੈਮਿਸਟ ਅਜਿਹਾ ਕਰਦਾ ਪਾਇਆ ਗਿਆ ਤਾਂ ਉਸ ਵਿਰੁੱਧ ਵਿਭਾਗ ਵੱਲੋਂ ਸਖਤ ਕਾਰਵਾਈ ਕੀਤੀ ਜਾਵੇਗੀ।

ਜਮਹੂਰੀ ਕਿਸਾਨ ਸਭਾ ਨੇ ਕੇਂਦਰ ਸਰਕਾਰ ਦਾ ਪੁਤਲਾ ਫੂਕਿਆ

ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)-ਜਮਹੂਰੀ ਕਿਸਾਨ ਸਭਾ ਪੰਜਾਬ ਵੱਲੋਂ ਢੋਟੀਆਂ ਮੰਡੀ ਵਿਖੇ ਝੋਨੇ ਦੀ ਖਰੀਦ ਦੇ ਪ੍ਰਬੰਧਾਂ ਵਿੱਚ ਢਿੱਲ-ਮੱਠ ਅਤੇ ਕੇਂਦਰ ਸਰਕਾਰ ਵੱਲੋਂ ਲਾਈਆਂ ਬੇਲੋੜੀਆਂ ਸ਼ਰਤਾਂ ਖਿਲਾਫ ਸਰਕਾਰ ਦਾ ਪੁਤਲਾ ਫੂਕਿਆ ਗਿਆ। ਇਸ ਦੀ ਅਗਵਾਈ ਜੰਗ ਬਹਾਦਰ ਸਿੰਘ ਤੁੜ, ਤਰਸੇਮ ਸਿੰਘ ਢੋਟੀਆਂ ਅਤੇ ਕਾਲਾ ਆਦਿ ਆਗੂਆਂ ਨੇ ਕੀਤੀ। ਕਿਸਾਨ ਸਭਾ ਦੇ ਜ਼ਿਲ੍ਹਾ ਪ੍ਰਧਾਨ ਮਨਜੀਤ ਸਿੰਘ ਬੱਗੂ ਜ਼ਿਲ੍ਹਾ ਖਜਾਨਚੀ ਰੇਸਮ ਸਿੰਘ ਫੇਲੋਕੇ ਅਤੇ ਸੁਲੱਖਣ ਸਿੰਘ ਤੁੜ ਨੇ ਬੋਲਦਿਆਂ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਵੱਲੋਂ ਸ਼ਰਤਾਂ ਲਾ ਕੇ ਇੱਕ ਪਾਸੇ ਸ਼ੈਲਰ ਸਨਅਤ ਨੂੰ ਤਬਾਹ ਕੀਤਾ ਜਾ ਰਿਹਾ ਹੈ ਅਤੇ ਦੂਸਰੇ ਪਾਸੇ ਕੇਂਦਰ ਦੀ ਸਰਕਾਰ ਦੇ ਧੱਕਿਆਂ ਖਿਲਾਫ ਹੋ ਰਹੀਆਂ ਹੜਤਾਲਾਂ ਕਾਰਨ ਕਿਸਾਨਾਂ ਦੀ ਮੰਡੀਆਂ ਵਿੱਚ ਲੁੱਟ ਹੋ ਰਹੀ ਹੈ ਅਤੇ ਕਿਸਾਨ ਮੰਡੀਆਂ ਵਿੱਚ ਰੁਲ ਰਹੇ ਹਨ।

ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਮੂਕ ਦਰਸ਼ਕ ਬਣ ਕੇ ਕਿਸਾਨਾਂ ਦੀ ਲੁੱਟ ਦੀ ਖੁੱਲ੍ਹ ਦੇ ਰਹੀ ਹੈ। ਕਿਸਾਨ ਮੰਗ ਕਰ ਰਹੇ ਸਨ ਕਿ ਪੂਰੇ ਭਾਅ ਤੇ ਸਰਕਾਰੀ ਖਰੀਦ ਕੀਤੀ ਜਾਵੇ। ਕਿਸਾਨਾਂ ਦੀ ਮੰਡੀਆਂ ਵਿੱਚ ਹੁੰਦੀ ਲੁੱਟ ਬੰਦ ਕੀਤੀ ਜਾਵੇ। ਇਸ ਮੌਕੇ ਕਸ਼ਮੀਰ ਸਿੰਘ, ਮਖਵਿੰਦਰ ਸਿੰਘ, ਸਤਨਾਮ ਸਿੰਘ, ਕਸ਼ਮੀਰ ਸਿੰਘ ਆਦਿ ਹਾਜ਼ਰ ਸਨ।

ਮੰਡੀ 'ਚੋਂ ਕਣਕ ਤਾਂ ਚੁੱਕਣੀ ਜੇ ਸਰਕਾਰ ਨੇ ਸਾਡੀਆਂ ਮੰਗਾਂ ਮੰਨੀਆਂ : ਸ਼ੈਲਰ ਮਾਲਕ

ਪੱਟੀ (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)-ਕੇਂਦਰ ਸਰਕਾਰ ਵੱਲੋਂ ਸ਼ੈਲਰ ਮਾਲਕਾਂ ਦੀਆਂ ਹੱਕੀ ਮੰਗਾਂ ਨਾ ਮੰਨਣ ਦੇ ਰੋਸ ਵਜੋਂ ਜਮਹੂਰੀ ਕਿਸਾਨ ਸਭਾ ਦੇ ਆਗੂ ਜਗੀਰ ਸਿੰਘ ਗੰਡੀਵਿੰਡ ਦੀ ਅਗਵਾਈ 'ਚ 12 ਵਜੇ ਗੰਡੀਵਿੰਡ ਤੇ 1 ਵਜੇ ਦੇ ਕਰੀਬ ਹਰੀਕੇ ਦਾਣਾ ਮੰਡੀਆਂ ਵਿੱਚ ਕਿਸਾਨਾਂ, ਮਜ਼ਦੂਰਾਂ ਨੇ ਮੋਦੀ ਸਰਕਾਰ ਦਾ ਪੁਤਲਾ ਫੂਕਿਆ। ਇਸ ਮੌਕੇ ਜਮਹੂਰੀ ਕਿਸਾਨ ਸਭਾ ਦੇ ਆਗੂ ਹਰਭਜਨ ਸਿੰਘ ਚੂਸਲੇਵੜ ਨੇ ਕਿਹਾ ਕਿ ਕੇਂਦਰ ਸਰਕਾਰ ਸ਼ੈਲਰ ਮਾਲਕਾਂ ਦੇ ਚੌਲ ਖਰੀਦਣ ਮੌਕੇ ਫੌਟੀ ਫਾਈਡ ਚਾਵਲ ਮਿਕਸ ਕਰਨ ਦੀ ਸ਼ਰਤ ਲਗਾਉਂਦੀ ਹੈ, ਇਹ ਸ਼ਰਤ ਪੂਰੀ ਕਰਨ ਉਪਰੰਤ ਵੀ ਸ਼ੈਲਰ ਮਾਲਕਾਂ ਦੇ ਚਾਵਲਾਂ ਦਾ ਮਿਆਰ ਪੂਰਾ ਨਹੀਂ ਹੁੰਦਾ। ਸ਼ੈਲਰ ਮਾਲਕਾਂ ਦਾ ਚਾਵਲ ਨਹੀਂ ਚੁੱਕਿਆ ਜਾਂਦਾ ਤਾਂ ਸ਼ੈਲਰ ਮਾਲਕਾਂ ਦਾ ਕਰੋੜਾਂ ਦਾ ਨੁਕਸਾਨ ਹੁੰਦਾ ਹੈ। ਸ਼ੈਲਰ ਮਾਲਕਾਂ ਦੀ ਮੰਗ ਹੈ ਕਿ ਸਰਕਾਰ ਸਾਡਾ ਸਧਾਰਨ ਚਾਵਲ ਖਰੀਦ ਕਰੇ ਤੇ ਆਪਣੀ ਜ਼ਿੰਮੇਵਾਰੀ 'ਤੇ ਫੌਟੀ ਫਾਈਡ ਚਾਵਲ ਮਿਕਸ ਕਰੇ। ਸ਼ੈਲਰ ਮਾਲਕਾਂ ਦੀ ਮੰਗ ਹੈ ਕਿ ਜਿੰਨਾ ਚਿਰ ਸਰਕਾਰ ਸਾਡੀਆਂ ਮੰਗਾਂ ਪੂਰੀਆਂ ਨਹੀਂ ਕਰਦੀ ਤਾਂ ਅਸੀਂ ਸਰਕਾਰ ਵੱਲੋਂ ਖਰੀਦਿਆ ਝੋਨਾ ਮੰਡੀਆਂ ਵਿੱਚੋਂ ਨਹੀਂ ਚੁੱਕਣਾ। ਜੇਕਰ ਮੰਡੀਆਂ ਵਿੱਚੋਂ ਝੋਨੇ ਦੀ ਲਿਫਟਿੰਗ ਨਹੀਂ ਹੁੰਦੀ ਤਾਂ ਮੰਡੀਆਂ ਵਿੱਚ ਝੋਨੇ ਦੇ ਅੰਬਾਰ ਲੱਗ ਜਾਣਗੇ ਜਿਸ ਨਾਲ ਕਿਸਾਨਾਂ, ਆੜ੍ਹਤੀਆਂ, ਪੱਲੇਦਾਰਾਂ, ਟਰਾਂਸਪੋਰਟਰਾਂ ਸਭ ਨੂੰ ਮੁਸੀਬਤਾਂ ਆਉਣਗੀਆਂ।

ਇਸ ਲਈ ਜਮਹੂਰੀ ਕਿਸਾਨ ਸਭਾ ਪੰਜਾਬ ਸਰਕਾਰ ਨੂੰ ਵੀ ਅਪੀਲ ਕਰਦੀ ਹੈ ਕਿ ਤੁਰੰਤ ਕੇਂਦਰ ਸਰਕਾਰ ਨਾਲ ਰਾਬਤਾ ਕਾਇਮ ਕਰਕੇ ਇਸ ਮਸਲੇ ਦਾ ਤੁਰੰਤ ਹੱਲ ਕਰਨ ਦਾ ਉਪਰਾਲਾ ਕਰੇ। ਇਸ ਮੌਕੇ ਦਿਲਬਾਗ ਸਿੰਘ, ਨਿਸ਼ਾਨ ਸਿੰਘ, ਜੀਵਨ ਸਿੰਘ, ਬਾਜ ਸਿੰਘ, ਹਰਜਿੰਦਰ ਸਿੰਘ, ਅਮਰਜੀਤ ਸਿੰਘ, ਵਿਰਸਾ ਸਿੰਘ, ਰਣਧੀਰ ਸਿੰਘ, ਅਨਵਰ ਸਿੰਘ, ਦਿਲਬਾਗ ਸਿੰਘ, ਹਰਜੀਤ ਸਿੰਘ, ਗੁਰਜੰਟ ਸਿੰਘ, ਗੁਰਭੇਜ ਸਿੰਘ, ਅਵਤਾਰ ਸਿੰਘ ਆਦਿ ਇਲਾਕੇ ਦੇ ਕਿਸਾਨ ਹਾਜਰ ਸਨ।

ਸ਼੍ਰੋਮਣੀ ਕਮੇਟੀ ਨੇ ਸਪੈਸ਼ਲ ਬੱਚਿਆਂ ਦੇ ਕਰਵਾਏ ਧਾਰਮਿਕ ਮੁਕਾਬਲੇ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ) ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਕੂਲਾਂ/ਕਾਲਜਾਂ ਦੇ ਵਿਦਿਆਰਥੀਆਂ ਦੇ ਕਰਵਾਏ ਜਾਂਦੇ ਧਾਰਮਿਕ ਮੁਕਾਬਲਿਆਂ ਤਹਿਤ ਸਪੈਸ਼ਲ ਸਕੂਲਾਂ ਦੇ ਬੱਚਿਆਂ ਦੇ ਸ਼ਬਦ ਕੀਰਤਨ, ਗੁਰਬਾਣੀ ਕੰਠ ਅਤੇ ਕੋਰੀਓਗ੍ਰਾਫੀ ਦੇ ਮੁਕਾਬਲੇ ਕਰਵਾਏ ਗਏ। ਇਹ ਮੁਕਾਬਲੇ ਸਥਾਨਕ ਭਾਈ ਗੁਰਦਾਸ ਹਾਲ ਵਿਖੇ ਹੋਏ, ਜਿਸ ਵਿਚ ਅੰਮ੍ਰਿਤਸਰ ਜ਼ਿਲ੍ਹੇ ਨਾਲ ਸਬੰਧਤ 7 ਸਕੂਲਾਂ ਦੇ ਬੱਚਿਆਂ ਨੇ ਭਾਗ ਲਿਆ। ਜ਼ਿਕਰਯੋਗ ਹੈ ਕਿ ਇਨ੍ਹਾਂ ਮੁਕਾਬਲਿਆਂ ਵਿਚ ਨੇਤਰਹੀਣ ਅਤੇ ਹੋਰ ਸਰੀਰਕ ਸਮੱਸਿਆ ਵਾਲੇ ਬੱਚਿਆਂ ਨੇ ਭਾਗ ਲਿਆ। ਬੱਚਿਆਂ ਵੱਲੋਂ ਸ਼ਬਦ ਕੀਰਤਨ, ਕੋਰੀਓਗ੍ਰਾਫੀ ਮੁਕਾਬਲੇ ਦੇ ਨਾਲ-ਨਾਲ ਸਿੱਖ ਇਤਿਹਾਸ ਨਾਲ ਸਬੰਧਤ ਸਵਾਲ ਜਵਾਬ ਵਿਚ ਵੀ ਹਿੱਸਾ ਲਿਆ। ਇਸ ਤੋਂ ਪਹਿਲਾਂ ਵੱਖ-ਵੱਖ ਸਕੂਲਾਂ ਦੇ ਬੱਚਿਆਂ ਦੇ ਗੁਰਬਾਣੀ ਕੀਰਤਨ, ਕਵਿਤਾ, ਕਵੀਸ਼ਰੀ ਦੇ ਮੁਕਾਬਲੇ ਵੀ ਕਰਵਾਏ ਗਏ ਹਨ। ਇਨ੍ਹਾਂ ਮੁਕਾਬਲਿਆਂ ਵਿਚ ਭਾਗ ਲੈਣ ਵਾਲੇ ਬੱਚਿਆਂ ਨੂੰ ਸ੍ਰੀ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਪੁਰਬ ਸਮੇਂ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਜਾਵੇਗਾ। ਇਨ੍ਹਾਂ ਮੁਕਾਬਲਿਆਂ ਸਮੇਂ ਜੱਜ ਦੀ ਸੇਵਾ ਡਾ. ਗੁਰਪ੍ਰੀਤ ਸਿੰਘ, ਬੀਬੀ ਮਨਿੰਦਰ ਕੌਰ, ਮਨਦੀਪ ਸਿੰਘ, ਬਲਬੀਰ ਸਿੰਘ ਸੰਗੀਤ ਅਧਿਆਪਕ ਨੇ ਨਿਭਾਈ। ਇਸ ਮੌਕੇ ਮੀਤ ਮੈਨੇਜਰ ਲਾਲ ਸਿੰਘ, ਸਕਾਲਰ ਡਾ. ਰਣਜੀਤ ਕੌਰ, ਡਾ. ਹਰਪ੍ਰੀਤ ਕੌਰ, ਬੀਬੀ ਕਿਰਨਦੀਪ ਕੌਰ, ਗੁਰਮੀਤ ਕੌਰ, ਰਾਜਵਿੰਦਰ ਕੌਰ, ਸੁਪਰਵਾਈਜ਼ਰ ਗੁਰਦੇਵ ਸਿੰਘ ਅਤੇ ਜਸਪਾਲ ਸਿੰਘ ਆਦਿ ਹਾਜ਼ਰ ਸਨ।

ਸੇਖਵਾਂ 'ਚ ਸ੍ਰੀ ਗੁਰੂ ਰਾਮਦਾਸ ਜੀ ਦਾ ਪ੍ਰਕਾਸ਼ ਪੁਰਬ ਮਨਾਇਆ

ਕਾਦੀਆ (ਯਾਦਵਿੰਦਰ ਸਿੰਘ ਮਲਹੋਤਰਾ)-ਬਲਾਕ ਕਾਹਨੂੰਵਾਨ ਦੇ ਅਧੀਨ ਪੈਂਦੇ ਪਿੰਡ ਸੇਖਵਾਂ ਵਿੱਚ ਚੌਥੇ ਪਾਤਸਾਹ ਸ੍ਰੀ ਗੁਰੂ ਰਾਮਦਾਸ ਦਾ ਪਕਾਸ਼ ਪੁਰਬ ਬਾਬਾ ਦਲਜੀਤ ਸਿੰਘ, ਸੰਤ ਕਰਤਾਰ ਸਿੰਘ ਕਰਨਾਲ ਵਾਲਿਆਂ ਦੀ ਰਹਿਨੁਮਾਈ ਹੇਠ ਸੰਗਤਾਂ ਅਤੇ ਐੱਨਆਰਆਈ ਵੀਰਾਂ ਦੇ ਸਹਿਯੋਗ ਨਾਲ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਅਖੰਡ ਪਾਠ ਦੇ ਭੋਗ ਉਪਰੰਤ ਸਜੇ ਪੰਡਾਲਾਂ 'ਚ ਢਾਡੀ ਜਥਾ ਗਿਆਨੀ ਬਲਬੀਰ ਸਿੰਘ ਪਾਰਸ, ਭਾਈ ਗੁਰਪ੍ਰੀਤ ਸਿੰਘ ਲਾਡਰਾਂ ਕਵੀਸ਼ਰੀ ਜਥਾ, ਗੁਲਾਬ ਸਿੰਘ ਚਮਕੌਰ ਸਾਹਿਬ ਵਾਲੇ, ਰਣਜੀਤ ਸਿੰਘ ਬਾਜਵਾ ਕਥਾਵਾਚਕ, ਪਿੰਡ ਸੇਖਵਾਂ ਵਾਲੇ, ਬਲਦੇਵ ਸਿੰਘ ਸੋਢੀ ਨੇ ਸੰਗਤਾਂ ਨੂੰ ਗੁਰੂ ਜਸ ਗਾਇਨ ਕਰਕੇ ਨਿਹਾਲ ਕੀਤਾ।

ਇਸ ਮੌਕੇ ਬਾਬਾ ਕਾਲਾ ਵੀਰ ਨੇ ਸੰਗਤਾਂ ਨੂੰ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਬਾਣੀ ਅਤੇ ਗੁਰੂਆਂ ਦੇ ਦਿੱਤੇ ਹੋਏ ਮਾਰਗ 'ਤੇ ਚੱਲਣ ਦਾ ਉਪਦੇਸ਼ ਦਿੱਤਾ। ਬਾਬਾ ਦਲਜੀਤ ਸਿੰਘ ਨੇ ਪ੍ਰਬੰਧਕਾਂ ਸਮੇਤ ਵਿਸ਼ੇਸ਼ ਤੌਰ 'ਤੇ ਪਹੁੰਚੇ ਜਥਿਆਂ ਦਾ ਸਨਮਾਨ ਕਰਦਿਆਂ ਸੰਗਤਾਂ ਦਾ ਧੰਨਵਾਦ ਕੀਤਾ। ਸਾਬਕਾ ਚੇਅਰਮੈਨ ਬਲਦੇਵ ਸਿੰਘ ਸੇਖਵਾਂ, ਨਰਿੰਦਰ ਸਿੰਘ ਸੇਖਵਾਂ, ਸਰਪੰਚ ਨਰਿੰਦਰ ਸਿੰਘ ਸੇਖਵਾਂ ਗੁਰਦੇਵ ਸਿੰਘ ਸ਼ਾਹ, ਮਨਪ੍ਰੀਤ ਸਿੰਘ, ਗੁਰਦੀਪ ਸਿੰਘ ਤੇ ਬਲਬੀਰ ਸਿੰਘ ਚੰਡੀਗੜ੍ਹੀਏ, ਤੇਜਿੰਦਰ ਸਿੰਘ ਸ਼ਾਹ, ਜੈਮਲ ਸਿੰਘ, ਹਰਪਾਲ ਸਿੰਘ ਨਿਸ਼ਾਨ ਸਿੰਘ ਫੌਜੀ, ਜਸਪਾਲ ਸਿੰਘ ਆਦਿ ਇਲਾਕੇ ਦੀਆਂ ਸੰਗਤਾਂ ਹਾਜ਼ਰ ਸਨ।

ਵਿਰਾਸਤੀ ਮੰਚ ਬਟਾਲਾ ਦੀ ਟੀਮ ਇਤਿਹਾਸਕ ਪਿੰਡ ਮਿਰਜ਼ਾਜਾਨ ਪਹੁੰਚੀ

ਧਾਰੀਵਾਲ/ਮਿਰਜ਼ਾਜਾਨ (ਮਨਦੀਪ ਸਿੰਘ ਵਿੱਕੀ)-ਮਹਾਨ ਯੋਧੇ ਅਤੇ ਸਿੱਖ ਪੰਥ ਦੇ ਪਹਿਲੇ ਬਾਦਸ਼ਾਹ ਬਾਬਾ ਬੰਦਾ ਸਿੰਘ ਬਹਾਦਰ ਜੀ ਦਾ 353ਵਾਂ ਜਨਮ ਦਿਹਾੜਾ ਪਿੰਡ ਮਿਰਜ਼ਾਜਾਨ ਵਿਖੇ ਪੂਰੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ। ਪਿੰਡ ਦੀਆਂ ਸੰਗਤਾਂ ਵੱਲੋਂ ਬਾਬਾ ਬੰਦਾ ਸਿੰਘ ਬਹਾਦਰ ਯਾਦਗਾਰੀ ਲਾਇਬ੍ਰੇਰੀ ਅਤੇ ਮਿਊਜ਼ੀਅਮ ਵਿਖੇ ਸ੍ਰੀ ਸੁਖਮਨੀ ਸਾਹਿਬ ਦਾ ਪਾਠ ਕੀਤਾ ਗਿਆ। ਉਪਰੰਤ ਰਾਗੀ ਜਥੇ ਵੱਲੋਂ ਇਲਾਹੀ ਬਾਣੀ ਦਾ ਕੀਰਤਨ ਕੀਤਾ। ਇਸ ਮੌਕੇ ਵਿਰਾਸਤੀ ਮੰਚ ਬਟਾਲਾ ਦੇ ਪ੍ਰਧਾਨ ਬਲਦੇਵ ਸਿੰਘ ਰੰਧਾਵਾ, ਸੀਨੀਅਰ ਵਾਈਸ ਪ੍ਰਧਾਨ ਕੁਲਵਿੰਦਰ ਸਿੰਘ ਲਾਡੀ ਜੱਸਲ, ਵਾਈਸ ਪ੍ਰਧਾਨ ਸ਼ਮਸ਼ੇਰ ਸਿੰਘ ਮੱਲੀ, ਜਨਰਲ ਸਕੱਤਰ ਇੰਦਰਜੀਤ ਸਿੰਘ ਹਰਪੁਰਾ, ਮੀਡੀਆ ਸਕੱਤਰ ਸ਼ੇਰੇ ਪੰਜਾਬ ਸਿੰਘ ਕਾਹਲੋਂ ਨੇ ਬਾਬਾ ਬੰਦਾ ਸਿੰਘ ਬਹਾਦਰ ਦੀ ਚਰਨਛੋਹ ਪ੍ਰਾਪਤ ਧਰਤੀ ਪਿੰਡ ਮਿਰਜ਼ਾਜਾਨ ਪਹੁੰਚ ਕੇ ਸਿਜਦਾ ਕੀਤਾ। ਬਾਬਾ ਬੰਦਾ ਸਿੰਘ ਬਹਾਦਰ ਜੀ ਦੇ ਜਨਮ ਦਿਹਾੜੇ ਦੀ ਸੰਗਤਾਂ ਨੂੰ ਵਧਾਈ ਦਿੰਦੇ ਹੋਏ ਵਿਰਾਸਤੀ ਮੰਚ ਬਟਾਲਾ ਦੇ ਪ੍ਰਧਾਨ ਬਲਦੇਵ ਸਿੰਘ ਰੰਧਾਵਾ ਅਤੇ ਇੰਦਰਜੀਤ ਸਿੰਘ ਹਰਪੁਰਾ ਨੇ ਕਿਹਾ ਕਿ ਬਾਬਾ ਬੰਦਾ ਸਿੰਘ ਬਹਾਦਰ ਜੀ ਸਿੱਖ ਇਤਿਹਾਸ ਦੇ ਉਹ ਯੋਧੇ ਹੋਏ ਹਨ ਜਿਨ੍ਹਾਂ ਨੇ ਨਵਾਂ ਇਤਿਹਾਸ ਸਿਰਜ ਦਿੱਤਾ ਸੀ। ਉਨ੍ਹਾਂ ਕਿਹਾ ਕਿ ਬਾਬਾ ਬੰਦਾ ਸਿੰਘ ਬਹਾਦਰ ਨੇ ਜ਼ਾਲਮ ਮੁਗਲ ਹਕੂਮਤ ਦੀ ਜੜ੍ਹਾਂ ਪੁੱਟ ਕੇ ਹਲੀਮੀ ਰਾਜ ਕਾਇਮ ਕੀਤਾ ਸੀ। ਉਨ੍ਹਾਂ ਨੂੰ ਕਿਸਾਨਾਂ ਤੇ ਗਰੀਬਾਂ ਦਾ ਮੁਕਤੀਦਾਤਾ ਵੀ ਕਿਹਾ ਜਾਂਦਾ ਹੈ। ਇੰਦਰਜੀਤ ਸਿੰਘ ਹਰਪੁਰਾ ਨੇ ਕਿਹਾ ਕਿ ਪਿੰਡ ਮਿਰਜ਼ਾਜਾਨ ਉਹ ਇਤਿਹਾਸਕ ਨਗਰ ਹੈ ਜਿਥੇ ਬਾਬਾ ਬੰਦਾ ਸਿੰਘ ਬਹਾਦਰ ਨੇ ਸੰਨ 1715 ਵਿੱਚ ਇੱਕ ਕਿਲ੍ਹੇ ਦਾ ਨਿਰਮਾਣ ਕੀਤਾ ਸੀ ਅਤੇ ਉਨ੍ਹਾਂ ਦੀ ਏਥੇ ਮੁਗਲਾਂ ਨਾਲ ਜੰਗ ਵੀ ਹੋਈ ਸੀ। ਉਨ੍ਹਾਂ ਕਿਹਾ ਕਿ ਬਾਬਾ ਜੀ ਦੇ ਇਤਿਹਾਸਕ ਕਿਲ੍ਹੇ ਦੀਆਂ ਨਿਸ਼ਾਨੀਆਂ ਅੱਜ ਵੀ ਇਸ ਪਿੰਡ ਵਿੱਚ ਮੌਜੂਦ ਹਨ। ਉਨ੍ਹਾਂ ਦੱਸਿਆ ਕਿ ਵਿਰਾਸਤੀ ਮੰਚ ਬਟਾਲਾ ਵੱਲੋਂ ਪਿੰਡ ਮਿਰਜ਼ਾਜਾਨ ਵਿਖੇ ਬਾਬਾ ਬੰਦਾ ਸਿੰਘ ਬਹਾਦਰ ਯਾਦਗਾਰੀ ਲਾਇਬ੍ਰੇਰੀ ਅਤੇ ਮਿਊਜ਼ੀਅਮ ਦੀ ਸਥਾਪਨਾ ਕੀਤੀ ਗਈ ਹੈ ਤਾਂ ਜੋ ਨੌਜਵਾਨ ਪੀੜ੍ਹੀ ਆਪਣੇ ਗੌਰਮਮਈ ਇਤਿਹਾਸ ਤੋਂ ਜਾਣੂ ਹੋ ਸਕੇ। ਇਸ ਮੌਕੇ ਮਨਜੀਤ ਸਿੰਘ, ਸੁਲੱਖਣ ਸਿੰਘ, ਮੁਖਤਿਆਰ ਸਿੰਘ, ਭਾਈ ਬਲਬੀਰ ਸਿੰਘ, ਬਾਬਾ ਨੰਦ ਸਿੰਘ, ਸੰਦੀਪ ਸਿੰਘ, ਅਰਵਿੰਦਰ ਕੌਰ, ਭਜਨ ਕੌਰ, ਕੁਲਵਿੰਦਰ ਕੌਰ, ਜਸਬੀਰ ਕੌਰ, ਬਲਜਿੰਦਰ ਕੌਰ, ਜਗਦੀਪ ਸਿੰਘ, ਸ਼ਗਨਦੀਪ ਸਿੰਘ, ਤਰਨਜੀਤ ਸਿੰਘ ਸਮੇਤ ਪਿੰਡ ਦੀ ਹੋਰ ਸੰਗਤ ਵੀ ਹਾਜ਼ਰ ਸੀ।

ਬਨਾਉਟੀ ਅੰਗਾਂ ਲਈ ਦਿਵਿਆਂਗਜਨਾਂ ਦੀ ਕੀਤੀ ਰਜਿਸਟ੍ਰੇਸ਼ਨ

19-Oct-PAGE-12.qxd 10/18/2023 10:39 PM Page 1

ਪੰਜਾਬ ਪੈਨਸ਼ਨਰਜ਼ ਯੂਨੀਅਨ ਜਲੰਧਰ ਬਰਾਂਚ ਦੀ ਨਵੀਂ ਟੀਮ ਦੀ ਚੋਣ

ਜਲੰਧਰ, (ਰਾਜੇਸ਼ ਥਾਪਾ)-ਪੰਜਾਬ ਪੈਨਸ਼ਨਰਜ਼ ਯੂਨੀਅਨ ਜਲੰਧਰ ਬਰਾਂਚ ਦੀ ਮੀਟਿੰਗ ਬੁੱਧਵਾਰ ਜਸਵੰਤ ਸਿੰਘ ਸਮਰਾ ਯਾਦਗਾਰ ਹਾਲ ਵਿੱਚ ਉਤਮ ਚੰਦ ਅਤੇ ਮਦਨ ਲਾਲ ਚੀਮਾ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ 'ਚ ਜਲੰਧਰ ਬ੍ਰਾਂਚ ਦੀ ਚੋਣ ਸਰਬਸੰਮਤੀ ਨਾਲ ਹੋਈ। ਜਗਤਾਰ ਸਿੰਘ ਭੂੰਗਰਨੀ ਪ੍ਰਧਾਨ, ਜਨਰਲ ਸਕੱਤਰ ਵਿਜੈ ਕੁਮਾਰ, ਕੈਸ਼ੀਅਰ ਸੰਤੋਖ ਸਿੰਘ ਤੇ ਸੀਨੀਅਰ ਮੀਤ ਪ੍ਰਧਾਨ ਦਵਿੰਦਰਪਾਲ ਸਿੰਘ ਦੁਬਾਰਾ ਚੁਣੇ ਗਏ। ਮੀਟਿੰਗ 'ਚ ਐਡਵੋਕੇਟ ਰਜਿੰਦਰ ਸਿੰਘ ਮੰਡ ਨੇ ਵਿਸ਼ੇਸ਼ ਹਾਜ਼ਰੀ ਲਗਵਾਈ। ਉਨ੍ਹਾ ਇਸ ਮੌਕੇ ਨਵੀਂ ਟੀਮ ਨੂੰ ਵਧਾਈ ਦਿੰਦਿਆਂ ਕਿਹਾ ਕਿ ਜੇ ਤੁਸੀਂ ਪਬਲਿਕ ਸੈਕਟਰ ਬਚਾਉਣ ਲਈ ਹੰਭਲਾ ਨਾ ਮਾਰਿਆ ਤਾਂ ਆਉਣ ਵਾਲੇ ਸਾਲਾਂ 'ਚ ਇਸ ਤਰ੍ਹਾਂ ਦੇ ਡੈਲੀਗੇਟ ਅਜਲਾਸ ਬੰਦ ਹੋ ਜਾਣਗੇ। ਉਨ੍ਹਾ ਕਿਹਾ ਕਿ ਇਹ ਤਸੱਲੀ ਵਾਲੀ ਗੱਲ ਹੈ ਕਿ ਤੁਸੀਂ ਪਬਲਿਕ ਸੈਕਟਰ ਦੀ ਅਹਿਮੀਅਤ ਸਮਝਦੇ ਹੋਏ ਆਪਣੇ ਤੋਂ ਅਗਲੀਆਂ ਦੋ ਪੀੜ੍ਹੀਆਂ ਨੂੰ ਅੱਗੇ ਤੋਰ ਰਹੇ ਹੋ। ਚੋਣ ਦੀ ਸਮਾਪਤੀ ਉਤੇ ਹਰਿੰਦਰ ਸਿੰਘ ਚੀਮਾ ਨੇ ਹਾਊਸ ਵਿੱਚ ਹਾਜ਼ਰ ਮੈਂਬਰਾਂ ਦਾ ਧੰਨਵਾਦ ਕੀਤਾ ਤੇ ਚੁਣੀ ਟੀਮ ਨੂੰ ਵਧਾਈ ਦਿੱਤੀ। ਵਿਜੈ ਕੁਮਾਰ ਸਕੱਤਰ ਨੇ ਕਿਹਾ ਕਿ ਜਲੰਧਰ ਬਰਾਂਚ ਦੀ ਚੋਣ ਸਰਬਸੰਮਤੀ ਨਾਲ ਹੋਣ 'ਤੇ ਅਸੀਂ ਸਮੂਹ ਮੈਂਬਰਾਂ ਦਾ ਧੰਨਵਾਦ ਕਰਦੇ ਹਾਂ। ਉਹਨਾ 21 ਅਕਤੂਬਰ ਨੂੰ ਮੋਗਾ ਵਿਖੇ ਕਾਮਰੇਡ ਨਛੱਤਰ ਸਿੰਘ ਧਾਲੀਵਾਲ ਦੀ ਬਰਸੀ 'ਤੇ ਵੱਧ ਤੋਂ ਵੱਧ ਸਾਥੀਆਂ ਨੂੰ ਪਹੁੰਚਣ ਦੀ ਅਪੀਲ ਕੀਤੀ। ਇਸ ਮੌਕੇ ਪ੍ਰਦੀਪ ਕੁਮਾਰ, ਜਗੀਰ ਸਿੰਘ, ਕੇਵਲ ਸਿੰਘ, ਅਵਤਾਰ ਸਿੰਘ, ਗੁਰਦਿਆਲ ਸਿੰਘ, ਕਸ਼ਮੀਰ ਸਿੰਘ, ਬਖ਼ਸ਼ੀਸ਼ ਸਿੰਘ, ਗੁਰਦੇਵ ਸਿੰਘ ਤੇ ਹੋਰ ਸਾਥੀ ਸ਼ਾਮਲ ਹੋਏ।

ਸਾਬਕਾ ਜ਼ਿਲ੍ਹਾ ਤੇ ਸੈਸ਼ਨ ਜੱਜ 'ਆਪ' 'ਚ ਹੋਏ ਸ਼ਾਮਲ

ਚੰਡੀਗੜ੍ਹ, (ਗੁਰਜੀਤ ਬਿੱਲਾ)- ਬੁੱਧਵਾਰ ਨੂੰ ਆਮ ਆਦਮੀ ਪਾਰਟੀ ਨੂੰ ਉਸ ਸਮੇਂ ਵੱਡਾ ਹੁਲਾਰਾ ਮਿਲਿਆ ਜਦੋਂ ਸਾਬਕਾ ਜ਼ਿਲ੍ਹਾ ਸੈਸ਼ਨ ਜੱਜ ਪੁਸ਼ਪਿੰਦਰ ਸਿੰਘ ਅਤੇ ਨਾਭਾ ਦੇ ਸਾਬਕਾ ਵਿਧਾਇਕ ਕਾਕਾ ਰਣਦੀਪ ਸਿੰਘ ਦੇ ਕਰੀਬੀ ਰਾਮ ਕ੍ਰਿਸ਼ਨ ਭੋਲਾ ਪਾਰਟੀ ਵਿੱਚ ਸ਼ਾਮਲ ਹੋ ਗਏ। 'ਆਪ' ਪੰਜਾਬ ਦੇ ਕਾਰਜਕਾਰੀ ਪ੍ਰਧਾਨ ਪ੍ਰਿੰਸੀਪਲ ਬੁੱਧ ਰਾਮ, ਕੈਬਨਿਟ ਮੰਤਰੀ ਡਾ. ਬਲਬੀਰ ਸਿੰਘ ਅਤੇ ਨਾਭਾ ਤੋਂ ਵਿਧਾਇਕ ਦੇਵ ਮਾਨ ਨੇ ਦੋਵਾਂ ਆਗੂਆਂ ਨੂੰ ਰਸਮੀ ਤੌਰ 'ਤੇ ਪਾਰਟੀ 'ਚ ਸ਼ਾਮਲ ਕਰਵਾਇਆ ਅਤੇ ਸਵਾਗਤ ਕੀਤਾ। ਪ੍ਰਿੰਸੀਪਲ ਬੁੱਧ ਰਾਮ ਨੇ ਕਿਹਾ ਕਿ ਪੰਜਾਬ ਦੇ ਲੋਕ ਆਮ ਆਦਮੀ ਪਾਰਟੀ ਦੀਆਂ ਨੀਤੀਆਂ ਤੋਂ ਬੇਹੱਦ ਪ੍ਰਭਾਵਿਤ ਹਨ। ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ 'ਆਪ' ਸਰਕਾਰ ਦੇ ਪਿਛਲੇ ਡੇਢ ਸਾਲ ਦੇ ਕੰਮਾਂ ਤੋਂ ਪ੍ਰਭਾਵਿਤ ਹੋ ਕੇ ਵੱਡੇ-ਵੱਡੇ ਚਿਹਰੇ ਲਗਾਤਾਰ ਪਾਰਟੀ 'ਚ ਸ਼ਾਮਲ ਹੋ ਰਹੇ ਹਨ। ਉਨ੍ਹਾਂ ਕਿਹਾ ਕਿ ਪੁਸ਼ਪਿੰਦਰ ਸਿੰਘ ਅਤੇ ਰਾਮ ਕ੍ਰਿਸ਼ਨ ਭੋਲਾ ਦੇ ਪਾਰਟੀ ਵਿੱਚ ਸ਼ਾਮਲ ਹੋਣ ਨਾਲ ਸਾਨੂੰ ਬਹੁਤ ਬਲ ਮਿਲਿਆ ਹੈ।

ਸੀ ਟੀ ਗਰੁੱਪ ਵਿਖੇ ਮੈਡੀਕਲ ਤੇ ਹੈੱਲਥ ਕੇਅਰ ਸਿੰਪੋਜ਼ੀਅਮ 2023

ਜਲੰਧਰ (ਸ਼ੈਲੀ ਅਲਬਰਟ)—ਸੀਟੀ ਗਰੁੱਪ ਆਫ਼ ਇੰਸਟੀਚਿਊਸ਼ਨਜ਼, ਸਾਊਥ ਕੈਂਪਸ ਨੇ ਪੈਰਾ-ਮੈਡੀਕਲ ਦੇ ਵਿਦਿਆਰਥੀਆਂ ਲਈ ਗਿਆਨ ਦੇ ਆਦਾਨ-ਪ੍ਰਦਾਨ ਨੂੰ ਉਤਸ਼ਾਹਿਤ ਕਰਨ ਲਈ ਇੱਕ ਸੋਚ ਨਾਲ ਮੈਡੀਕਲ ਅਤੇ ਹੈਲਥਕੇਅਰ ਸਿੰਪੋਜ਼ੀਅਮ ਦਾ ਆਯੋਜਨ ਕੀਤਾ। ਇਸ ਖਾਸ ਸਮਾਗਮ ਵਿੱਚ 50 ਤੋਂ ਵੱਧ ਵੱਖ-ਵੱਖ ਸਿਹਤ ਸੰਭਾਲ ਮਾਹਿਰਾਂ ਨੇ ਸ਼ਿਰਕਤ ਕੀਤੀ। ਸਿੰਪੋਜ਼ੀਅਮ ਦੀ ਸ਼ੁਰੂਆਤ ਸ਼ਮ੍ਹਾ ਰੋਸ਼ਨ ਕਰਕੇ ਕੀਤੀ ਗਈ । ਇਸ ਮੌਕੇ ਸੀਟੀ ਗਰੁੱਪ ਆਫ਼ ਇੰਸਟੀਚਿਊਸ਼ਨਜ਼ ਦੇ ਚੇਅਰਮੈਨ ਚਰਨਜੀਤ ਸਿੰਘ ਚੰਨੀ; ਮੈਨੇਜਿੰਗ ਡਾਇਰੈਕਟਰ ਮਨਬੀਰ ਸਿੰਘ, ਵਾਈਸ ਚੇਅਰਮੈਨ ਹਰਪ੍ਰੀਤ ਸਿੰਘ ਹਾਜ਼ਰ ਰਹੇ ਜਿਨ੍ਹਾਂ ਨੇ ਸਮਾਰੋਹ ਦੀ ਮਹੱਤਤਾ 'ਤੇ ਜ਼ੋਰ ਦਿੱਤਾ ਅਤੇ ਸਾਰੇ ਪਤਵੰਤਿਆਂ ਅਤੇ ਹਾਜ਼ਰੀਨ ਦਾ ਨਿੱਘਾ ਸਵਾਗਤ ਕੀਤਾ॥ਉਹਨਾਂ ਤੋਂ ਇਲਾਵਾ ਇਸ ਪ੍ਰੋਗਰਾਮ ਵਿੱਚ ਕੈਂਪਸ ਡਾਇਰੈਕਟਰ ਡਾ. ਗੁਰਪ੍ਰੀਤ ਸਿੰਘ ਸਿੱਧੂ , ਡੀਨ ਅਕਾਦਮਿਕ ਪਰਮਿੰਦਰ ਨੈਨ, ਖੋਜ ਅਤੇ ਯੋਜਨਾ ਦੇ ਨਿਰਦੇਸ਼ਕ ਡਾ. ਜਸਦੀਪ ਕੇ ਧਾਮੀ, ਜੀਐਨਡੀਯੂ ਕਾਲਜਾਂ ਦੇ ਡਾਇਰੈਕਟਰ ਡਾ. ਕੁਲਦੀਪ ਕੇ ਗਰੇਵਾਲ ਅਤੇ ਸੀਟੀ ਗਰੁੱਪ ਆਫ਼ ਇੰਸਟੀਚਿਊਸ਼ਨਜ਼ ਦੇ ਵੱਖ-ਵੱਖ ਕਾਲਜਾਂ ਦੇ ਪ੍ਰਿੰਸੀਪਲ, ਫਿਜ਼ੀਓਥੈਰੇਪੀ ਅਤੇ ਫਾਰਮੇਸੀ ਵਿਭਾਗਾਂ ਦੇ ਫੈਕਲਟੀ ਮੈਂਬਰ ਅਤੇ ਵਿਦਿਆਰਥੀ ਸ਼ਾਮਲ ਹੋਏ।ਪੈਥੋਲੋਜੀ ਵਿੱਚ ਆਪਣੇ ਯੋਗਦਾਨ ਲਈ ਮਸ਼ਹੂਰ ਡਾਕਟਰ ਹਰਸ਼ ਮੋਹਨ ਇਸ ਪ੍ਰੋਗਰਾਮ 'ਚ ਪਹੁੰਚੇ ਅਤੇ ਸੈਸ਼ਨ ਦੁਆਰਾ ਜਾਣਕਾਰੀ ਸਾਂਝੀ ਕੀਤੀ। ਦੱਸ ਦੇਈਏ ਕਿ ਡਾ. ਮੋਹਨ ਪੈਥੋਲੋਜੀ 'ਤੇ ਅੱਠ ਪਾਠ ਪੁਸਤਕਾਂ ਦੇ ਲੇਖਕ ਹਨ, ਜੋ ਕਈ ਐਡੀਸ਼ਨਾਂ ਵਿੱਚ ਉਪਲਬਧ ਹਨ ਅਤੇ ਜਿਸਦੇ ਅਨੁਵਾਦ ਸਪੈਨਿਸ਼ ਅਤੇ ਸਲੋਵਾਕ ਭਾਸ਼ਾਵਾਂ ਵਿੱਚ ਕੀਤੇ ਗਏ ਹਨ। ਉਹਨਾਂ ਨੂੰ ਸ਼ਾਨਦਾਰ ਕੰਮ ਲਈ ਰਾਸ਼ਟਰੀ ਪੁਰਸਕਾਰਾਂ ਨਾਲ ਵੀ ਸਨਮਾਨਿਤ ਕੀਤਾ ਗਿਆ ਹੈ।।

ਇਸ ਸਿੰਪੋਜ਼ੀਅਮ ਵਿੱਚ ਜਲੰਧਰ ਦੇ ਨਿਊ ਰੂਬੀ ਹਸਪਤਾਲ ਤੋਂ ਡਾ. ਐਸ.ਪੀ.ਐਸ ਗਰੋਵਰ , ਪੰਜਾਬ ਇੰਸਟੀਚਿਊਟ ਆਫ਼ ਮੈਡੀਕਲ ਸਾਇੰਸਿਜ਼ ਜਲੰਧਰ ਦੇ ਰੈਜ਼ੀਡੈਂਟ ਡਾਇਰੈਕਟਰ ਅਮਿਤ; ਸੀਨੀਅਰ ਸਪਾਈਨ ਅਤੇ ਨਿਊਰੋ ਸਰਜਨਡਾ ਨਵੀਨ ਚਿਤਕਾਰਾ ; ਐਨ ਐਚ ਐਸ ਹਸਪਤਾਲ ਤੋਂ ਡਾ.ਸ਼ੁਭਾਗ ਅਗਰਵਾਲ; ਡੀਐਮਸੀ ਤੋਂ ਦਿਮਾਗ ਅਤੇ ਰੀੜ੍ਹ ਦੀ ਹੱਡੀ ਦੇ ਸਰਜਨ ਡਾ. ਦੀਪੇਸ਼ ਬੱਤਰਾ ; ਰਤਨ ਹਸਪਤਾਲ ਜਲੰਧਰ ਤੋਂ ਬਲਰਾਜ ਗੁਪਤਾ, ਯੂਰੋਲੋਜਿਸਟ ਡਾ. ਦਮਨਬੀਰ ਸਿੰਘ ਚਾਹਲ ਅਤੇ ਲੈਪਰੋਸਕੋਪਿਕ ਸਰਜਨ ਡਾ. ਦੀਪਕ ਚਾਵਲਾ ਦੇ ਨਾਲ ਨਾਲ ਰੋਟਰੀ ਕਲੱਬ ਆਫ ਜਲੰਧਰ ਹੈਲਪਿੰਗ ਹੈਂਡਸ ਨੇ ਸ਼ਿਰਕਤ ਕੀਤੀ ਅਤੇ ਭਾਸ਼ਣ ਰਾਹੀਂ ਵਿਦਿਆਰਥੀਆਂ ਨਾਲ ਜਾਣਕਾਰੀਆਂ ਸਾਂਝੀਆਂ ਕੀਤੀਆਂ।ਡਾ. ਹਰਸ਼ ਮੋਹਨ ਨੇ ਕਿਹਾ ਇਹ ਮੈਡੀਕਲ ਅਤੇ ਹੈਲਥਕੇਅਰ ਸਿੰਪੋਜ਼ੀਅਮ 2023 ਗਿਆਨ ਨੂੰ ਸਾਂਝਾ ਕਰਨ, ਨਵੀਨਤਾਕਾਰੀ ਵਿਚਾਰਾਂ ਤੇ ਸਹਿਯੋਗ ਕਰਨ ਅਤੇ ਸਿਹਤ ਸੰਭਾਲ ਦੀ ਗੁਣਵੱਤਾ ਨੂੰ ਵਧਾਉਣ ਲਈ ਇੱਕ ਸ਼ਾਨਦਾਰ ਪਲੇਟਫਾਰਮ ਕਰਦਾ ਹੈ। ਇਸਦੇ ਲਈ ਸੀਟੀ ਗਰੁੱਪ ਦੀ ਸ਼ਲਾਘਾ ਵੀ ਕੀਤੀ।।

ਇਨੋਸੈਂਟ ਹਾਰਟਸ ਗਰੁੱਪ ਦੇ ਮੈਂਬਰਾਂ ਤੇ ਵਿਦਿਆਰਥੀਆਂ ਨੇ ਕੀਤਾ ਖ਼ੂਨਦਾਨ

ਜਲੰਧਰ (ਸ਼ੈਲੀ ਐਲਬਰਟ)-ਇੰਨੋਸੈਂਟ ਹਾਰਟਸ ਗਰੁੱਪ ਦੇ ਮੈਂਬਰਾਂ ਅਤੇ ਵਿਦਿਆਰਥੀਆਂ ਨੇ ਵਿਰਸਾ ਵਿਹਾਰ ਵਿੱਚ ਲਗਾਏ ਗਏ ਖ਼ੂਨਦਾਨ ਕੈਂਪ ਵਿੱਚ ਖ਼ੂਨਦਾਨ ਕਰਕੇ ਆਪਣਾ ਅਹਿਮ ਯੋਗਦਾਨ ਪਾਇਆ । ਇਹ ਕੈਂਪ ਦੋਆਬਾ ਹਸਪਤਾਲ ਖ਼ੂਨਦਾਨ ਕੇਂਦਰ ਦੇ ਵਿਸ਼ੇਸ਼ ਸਹਿਯੋਗ ਨਾਲ ਲਗਾਇਆ ਗਿਆ । ਇਸ ਮੌਕੇ ਪੰਜਾਬ ਟੈਕਨੀਕਲ ਯੂਨੀਵਰਸਿਟੀ ਦੇ ਲੋਕ ਸੰਪਰਕ ਵਿਭਾਗ ਦੇ ਡਿਪਟੀ ਰਜਿਸਟਰਾਰ ਰਜਨੀਸ਼ ਸ਼ਰਮਾ ਹਾਜ਼ਰ ਸਨ, ਜਿਨ੍ਹਾਂ ਦੀ ਹੌਸਲਾ ਅਫਜ਼ਾਈ ਨਾਲ ਇੰਨੋਸੈਂਟ ਹਾਰਟਸ ਦੇ 25 ਅਧਿਆਪਕਾਂ ਅਤੇ ਵਿਦਿਆਰਥੀਆਂ ਨੇ ਇਸ ਕੈਂਪ ਵਿੱਚ ਖ਼ੂਨਦਾਨ ਕੀਤਾ। ਇੰਨੋਸੈਂਟ ਹਾਰਟਸ ਗਰੁੱਪ ਦੇ ਚੇਅਰਮੈਨ ਡਾ: ਅਨੂਪ ਬੌਰੀ ਨੇ ਕਿਹਾ ਕਿ ਖ਼ੂਨਦਾਨ ਇੱਕ ਮਹਾਨ ਦਾਨ ਹੈ । ਇਹ ਸਮਾਜ ਸੇਵਾ ਦਾ ਅਹਿਮ ਹਿੱਸਾ ਹੈ। ਇਸ ਕੈਂਪ ਵਿੱਚ ਭਾਗ ਲੈਣਾ ਸਾਡੇ ਲਈ ਮਾਣ ਵਾਲੀ ਗੱਲ ਹੈ।ਸਾਰਿਆਂ ਨੂੰ ਲੋੜ ਅਨੁਸਾਰ ਖ਼ੂਨਦਾਨ ਕਰਨਾ ਚਾਹੀਦਾ ਹੈ ਕਿਉਂਕਿ ਤੁਹਾਡਾ ਖ਼ੂਨਦਾਨ ਕਿਸੇ ਦੀ ਜ਼ਿੰਦਗੀ ਲਈ ਵਰਦਾਨ ਸਾਬਤ ਹੋ ਸਕਦਾ ਹੈ। ਖ਼ੂਨਦਾਨ ਕਰਕੇ ਕਈ ਜਾਨਾਂ ਬਚਾਈਆਂ ਜਾ ਸਕਦੀਆਂ ਹਨ। ਬੌਰੀ ਮੈਮੋਰੀਅਲ ਐਜੂਕੇਸ਼ਨਲ ਐਂਡ ਮੈਡੀਕਲ ਟਰੱਸਟ ਦੁਆਰਾ ਪ੍ਰਬੰਧਿਤ ਇੰਨੋਸੈਂਟ ਹਾਰਟਸ ਗਰੁੱਪ ਹਮੇਸ਼ਾ ਹੀ ਸਮਾਜ ਸੇਵਾ ਲਈ ਯਤਨਸ਼ੀਲ ਰਿਹਾ ਹੈ।

ਵਿਦਿਆਰਥੀਆਂ ਨੂੰ ਖੱਦਰ ਭੰਡਾਰ ਦਾ ਦੌਰਾ ਕਰਵਾਇਆ

ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ) ਸਥਾਨਕ ਪੀ ਟੀ ਐਮ ਆਰੀਆ ਕਾਲਜ ਦੇ ਐਨ ਐਸ ਐਸ ਅਤੇ ਯੁਵਾ ਸੇਵਾਵਾਂ ਵਿਭਾਗਾਂ ਵੱਲੋ ਵਿਦਿਆਰਥੀਆਂ ਨੂੰ ਆਪਣੇ ਦੇਸ਼ ਦੇ ਸੱਭਿਆਚਾਰ ਤੇ ਪਹਿਰਾਵੇ ਨਾਲ ਜੋੜਨ ਲਈ ਖੱਦਰ ਭੰਡਾਰ ਨਕੋਦਰ ਦਾ ਦੌਰਾ ਕਰਵਾਇਆ ਗਿਆ, ਜਿਥੇ ਅਸ਼ੋਕ ਅਤੇ ਉਨ੍ਹਾਂ ਦੇ ਸਟਾਫ ਨੇ ਖੱਦਰ ਦੇ ਫਾਇਦੇ ਦਸਦੇ ਹੋਏ ਕਿਹਾ ਕਿ ਸਨਥੈਟਿਕ ਕੱਪੜੇ ਨਾਲੋਂ ਖੱਦਰ ਬਹੁਤ ਹੀ ਸੇਹਤਮੰਦ ਅਤੇ ਆਰਾਮ ਦਾਇਕ ਹੈ। ਉਨ੍ਹਾਂ ਵਿਦਿਆਰਥੀਆਂ ਨੂੰ ਭੰਡਾਰ ਵਿੱਚ ਉਪਲੱਬਧ ਚਾਦਰਾ ਕੰਬਲ ਪਹਿਨਣ ਵਾਲੇ ਕੱਪੜੇ ਖੇਸ ਤੋਲੀਏ ਤੋਂ ਇਲਾਵਾ ਦੇਸੀ ਸਰੋਂ ਦਾ ਤੇਲ ਸਾਬਣ ਥੈਲੇ ਆਦਿ ਵਸਤ ਦੀ ਜਾਣਕਾਰੀ ਦਿੱਤੀ। ਵਿਦਿਆਰਥੀਆਂ ਨੇ ਖੱਦਰ ਭੰਡਾਰ ਜਾ ਕੇ ਬਹੁਤ ਚੰਗਾ ਮਹਿਸੂਸ ਕੀਤਾ।

ਉਨ੍ਹਾਂ ਨਾਲ ਐਨ ਐਸ ਐਸ ਪ੍ਰੋਗਰਾਮ ਅਫ਼ਸਰ ਸ਼੍ਰੀਮਤੀ ਬਬੀਤਾ ਰਾਣੀ ਅਤੇ ਹਿੰਦੀ ਵਿਭਾਗ ਦੇ ਮੁਖੀ ਸ਼੍ਰੀਮਤੀ ਸਾਰਿਤਾ ਅਸਥਾਨਾ ਮੌਜੂਦ ਰਹੇ। ਅੰਤ ਵਿੱਚ ਕਾਲਜ ਦੇ ਨਿਰਦੇਸ਼ਕ ਆਰ ਕੇ ਜੈਨ ਨੇ ਸਤਲੁਜ ਖੱਦਰ ਭੰਡਾਰ ਦੇ ਸਕੱਤਰ ਅਸ਼ੋਕ ਕੁਮਾਰ ਦਾ ਬਹੁਤ ਧੰਨਵਾਦ ਕੀਤਾ ਜਿਨ੍ਹਾਂ ਨੇ ਸਾਰਿਆਂ ਨੂੰ ਨਾਸ਼ਤਾ ਵੀ ਕਰਵਾਇਆ।

ਖਾਲਸਾ ਕਾਲਜ 'ਚ ਫੁੱਟਬਾਲ ਟੂਰਨਾਮੈਂਟ ਦੀਆਂ ਤਿਆਰੀਆਂ ਸ਼ੁਰੂ

ਮਾਹਿਲਪੁਰ, (ਸਫਰੀ)- ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵੱਲੋਂ ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਮਾਹਿਲਪੁਰ ਵਿੱਚ ਕਰਵਾਏ ਜਾ ਰਹੇ ਇੰਟਰ ਕਾਲਜ ਫੁੱਟਬਾਲ (ਲੜਕੇ) ਟੂਰਨਾਮੈਂਟ ਦੀਆਂ ਤਿਆਰੀਆਂ ਸ਼ੁਰੂ ਹੋ ਗਈਆਂ ਹਨ। ਇਸ ਬਾਰੇ ਗੱਲ ਕਰਦਿਆਂ ਕਾਲਜ ਦੇ ਪ੍ਰਿੰਸੀਪਲ ਡਾ. ਪਰਵਿੰਦਰ ਸਿੰਘ ਨੇ ਦੱਸਿਆ ਕਿ ਯੂਨੀਵਰਸਿਟੀ ਵੱਲੋਂ ਪੰਜਾਬ ਯੂਨੀਵਰਸਿਟੀ ਇੰਟਰ ਕਾਲਜ ਫੁੱਟਬਾਲ ਟੂਰਨਾਮੈਂਟ (ਲੜਕੇ) ਮਿਤੀ 25 ਅਕਤੂਬਰ ਤੋਂ 30 ਅਕਤੂਬਰ ਤੱਕ ਖਾਲਜ ਕਾਲਜ ਦੇ ਖੇਡ ਮੈਦਾਨਾਂ ਵਿੱਚ ਕਰਵਾਇਆ ਜਾ ਰਿਹਾ ਹੈ ਜਿਸ ਸਬੰਧੀ ਸਮੁੱਚੀਆਂ ਤਿਆਰੀਆਂ ਆਰੰਭ ਕਰ ਦਿੱਤੀਆਂ ਗਈਆਂ ਹਨ।

ਉਨ੍ਹਾਂ ਕਿਹਾ ਕਿ ਇਸ ਟੂਰਨਾਮੈਂਟ ਵਿੱਚ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਅਧੀਨ ਪੈਂਦੇ ਵੀਹ ਕਾਲਜਾਂ ਦੀਆਂ ਫੁੱਟਬਾਲ ਟੀਮਾਂ ਹਿੱਸਾ ਲੈ ਰਹੀਆਂ ਹਨ ਅਤੇ ਟੂਰਨਾਮੈਂਟ ਦਾ ਉਦਘਾਟਨੀ ਮੈਚ 25 ਅਕਤੂਬਰ ਸਵੇਰੇ ਨੌਂ ਵਜੇ ਕਰਵਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਯੂਨੀਵਰਸਿਟੀ ਦਾ ਇਹ ਵੱਕਾਰੀ ਟੂਰਨਾਮੈਂਟ ਹੁੰਦਾ ਹੈ ਅਤੇ ਖਾਲਸਾ ਕਾਲਜ ਦੇ ਖੇਡ ਮੈਦਾਨਾਂ ਵਿੱਚ ਇਸ ਟੂਰਨਾਮੈਂਟ ਦੇ ਆਯੋਜਨ ਨਾਲ ਵਿਦਿਆਰਥੀ ਖਿਡਾਰੀਆਂ ਨੂੰ ਵੱਖ ਵੱਖ ਕਾਲਜਾਂ ਦੀ ਖੇਡ ਕਲਾ ਦੇਖਣ ਨੂੰ ਮਿਲੇਗੀ।

ਇਸ ਮੌਕੇ ਬੀ ਐੱਡ ਕਾਲਜ ਦੇ ਪ੍ਰਿੰ. ਡਾ. ਰੋਹਤਾਂਸ਼, ਸਰੀਰਕ ਸਿੱਖਿਆ ਵਿਭਾਗ ਦੇ ਮੁੱਖੀ ਡਾ. ਰਾਜ ਕੁਮਾਰ, ਪੰਜਾਬੀ ਵਿਭਾਗ ਦੇ ਮੁੱਖੀ ਡਾ. ਜੇ.ਬੀ.ਸੇਖੋਂ, ਡਾ. ਜਤਿੰਦਰ, ਪ੍ਰੋ ਇਕਬਾਲ ਸਿੰਘ, ਪ੍ਰੋ ਪ੍ਰਿਯਾ, ਪ੍ਰੋ ਅਨੂਦੀਪ ਕੌਰ, ਕੋਚ ਹਰਿੰਦਰ ਸਨੀ, ਪ੍ਰੋ ਮਨਪ੍ਰੀਤ ਸੇਠੀ ਹਾਜ਼ਰ ਸਨ।

ਜਨਮ ਦਿਨ ਮੁਬਾਰਕ

ਗੁਰਜਿੰਦਰ ਸਿੰਘ, ਲਹਿਰਾ ਮੁਹੱਬਤ

ਵਿਆਹ ਦੀਆਂ ਮੁਬਾਰਕ

ਸੰਜੀਵ ਸ਼ਰਮਾ ਵਾਸੀ ਕੁਰਾਲੀ ਦਾ ਵਿਆਹ ਕਰੀਤੀਕਾ ਸ਼ਰਮਾ ਵਾਸੀ ਡੇਰਾਬੱਸੀ ਨਾਲ ਹੋਇਆ।

ਜੀਵਨ ਸੰਗਲਾਨੀ ਤੇ ਸ੍ਰੀਮਤੀ ਸੁਖਜੀਤ ਵਾਸੀ ਪਿੰਡ ਔਜਲਾ ਨੇ ਵਿਆਹ ਦੀ 25ਵੀਂ ਵਰ੍ਹੇਗੰਢ ਮਨਾਈ

ਲਾਇਲਪੁਰ ਖ਼ਾਲਸਾ ਕਾਲਜ ਦੇ ਐੱਨ ਸੀ ਸੀ ਦੇ ਕੈਡਿਟਾਂ ਨੇ ਬੈੱਸਟ ਲਾਈਨ ਏਰੀਆ ਟਰਾਫੀ ਜਿੱਤੀ

ਜਲੰਧਰ (ਸ਼ੈਲੀ ਅਲਬਰਟ)—ਲਾਇਲਪੁਰ ਖ਼ਾਲਸਾ ਕਾਲਜ, ਜਲੰਧਰ ਦੇ ਐਨ.ਸੀ.ਸੀ. ਕੈਡੇਟ ਕਾਰਪੋਰਲ ਅਰਸ਼ਦੀਪ ਭਾਟੀਆ ਅਤੇ ਕੈਡੇਟ ਕੁਨਾਲ ਨੇ ਏਅਰਫੋਰਸ ਸਟੇਸ਼ਨ ਜਲਾਹਾਲੀ, ਬੈਂਗਲੂਰੂ ਵਿਖੇ ਆਲ ਇੰਡੀਆ ਵਾਯੂ ਸੈਨਿਕ ਕੈਂਪ (ਏਆਈਵੀਐਸਸੀ) 2023 ਵਿੱਚ ਸਰਵੋਤਮ ਲਾਈਨ ਖੇਤਰ ਲਈ ਵੱਕਾਰੀ ਟਰਾਫੀ ਜਿੱਤ ਕੇ ਇੱਕ ਸ਼ਾਨਦਾਰ ਪ੍ਰਾਪਤੀ ਕੀਤੀ ਹੈ।। ਪ੍ਰਿੰਸੀਪਲ ਡਾ. ਜਸਪਾਲ ਸਿੰਘ ਨੇ ਕੈਡਿਟਸ ਅਰਸ਼ਦੀਪ ਭਾਟੀਆ ਅਤੇ ਕੁਨਾਲ ਦੇ ਨਾਲ-ਨਾਲ ਏ.ਐਨ.ਓ. ਫਲਾਇੰਗ ਲੈਫਟੀਨੈਂਟ ਮਨਪ੍ਰੀਤ ਸਿੰਘ ਲਹਿਲ ਨੂੰ ਉਹਨਾਂ ਦੀਆਂ ਸ਼ਾਨਦਾਰ ਪ੍ਰਾਪਤੀਆਂ ਲਈ ਵਧਾਈ ਦਿੱਤੀ ॥ ਉਨ੍ਹਾਂ ਕਿਹਾ ਕਿ ਸਾਡੇ ਵਿਦਿਆਰਥੀ ਸਾਡਾ ਮਾਣ ਤੇ ਸਾਡੀ ਸ਼ਾਨ ਹਨ। ਵਿਦਿਆਰਥੀਆਂ ਦ